ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/09 ਸਤੰਬਰ 2017 – ਨਾਨਕਸ਼ਾਹੀ ਭਾਦੋਂ-ਅੱਸੂ 549

## ਇਤਿਹਾਸਿਕ ਦਿਹਾੜੇ

### ਸਤੰਬਰ ਅਤੇ ਅਕਤੂਬਰ 2017

| | | |
|---|---|---|
| ਜੋਤੀ ਜੋਤ ਸ੍ਰੀ ਗੁਰੂ ਅਮਰਦਾਸ ਜੀ | ੨੨ ਭਾਦੋਂ | ੬ ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | ੨੬ ਭਾਦੋਂ | ੧੦ ਸਤੰਬਰ |
| ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ | ੩੧ ਭਾਦੋਂ | ੧੫ ਸਤੰਬਰ |
| ਦਰਬਾਰ ਖਾਲਸਾ (ਦੁਸ਼ਹਿਰਾ) | ੧੫ ਅੱਸੂ | ੩੦ ਸਤੰਬਰ |
| ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | ੨੨ ਅੱਸੂ | ੭ ਅਕਤੂਬਰ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੨੯ ਅੱਸੂ | ੧੩ ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੨੯ ਅੱਸੂ | ੨੯ ਅਕਤੂਬਰ |
| ਬੰਦੀ ਛੋੜ ਦਿਵਸ (ਦੀਵਾਲੀ) | ੩ ਕੱਤਕ | ੧੯ ਅਕਤੂਬਰ |
| ਜੋਤੀ- ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੯ ਕੱਤਕ | ੨੫ ਅਕਤੂਬਰ |
| ਸਾਕਾ ਪੰਜਾ ਸਾਹਿਬ | ੧੪ ਕੱਤਕ | ੩੦ ਅਕਤੂਬਰ |

www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਅਸੁਨਿ ਪ੍ਰੇਮ ਉਮਾਹੜਾ .........॥ (ਜੀਵਨ - ਜੁਗਤਿ)

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

ਮਾਝ ਬਾਰਹਮਾਹਾ (ਮਃ ੫) – ਅੰਗ ੧੩੫

ਪਦ ਅਰਥ :- ਅਸੁਨਿ-ਅੱਸੂ ਵਿਚ । ਉਮਾਹੜਾ-ਉਛਾਲਾ । ਜਾਇ-ਜਾ ਕੇ । ਕਿਉਂ-ਕਿਵੇਂ ? ਕਿਸੇ ਨ ਕਿਸੇ ਤਰ੍ਹਾਂ । ਮਨਿ -ਮਨ ਵਿਚ । ਤਨਿ-ਸਰੀਰ ਵਿਚ । ਘਣੀ-ਬਹੁਤ । ਆਣਿ-ਲਿਆ ਕੇ । ਮਾਇ-ਹੇ ਮਾਂ ! ਹਉ-ਮੈਂ ! ਤਿਨ ਕੈ ਪਾਇ- ਉਹਨਾਂ ਦੀ ਚਰਨੀਂ । ਜਾਇ-ਥਾਂ । ਰਸੁ-ਸੁਆਦ, ਆਨੰਦ । ਰਹੇ ਆਘਾਇ-ਰੱਜ ਗਏ, ਤ੍ਰਿਸਨਾ ਪੋਹ ਨਹੀਂ ਸਕਦੀ । ਆਪੁ-ਆਪਾ-ਭਾਵ । ਲੜਿ-ਲੜ ਵਿਚ, ਪੱਲੇ । ਕੰਤਿ-ਕੰਤ ਨੇ । ਕਤਹਿ-ਕਿਸੇ ਹੋਰ ਥਾਂ । ਮਇਆ-ਮਿਹਰ ।

ਅਰਥ:- ਹੇ ਮਾਂ ! (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ । ਮੇਰੇ ਮਨ ਵਿਚ ਮੇਰੇ ਤਨ ਵਿਚ ਪ੍ਰਭੂ ਦੇ ਦਰਸ਼ਨ ਦੀ ਬੜੀ ਪਿਆਸ ਲੱਗੀ ਹੋਈ ਹੈ (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿਚ ਸਹੈਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ !) ਪ੍ਰਭੂ ਤੋਂ ਬਿਨਾ ਸੁਖ ਆਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ-ਆਨੰਦ ਦੀ) ਹੋਰ ਕੋਈ ਥਾਂ ਹੀ ਨਹੀਂ ।

ਜਿੰਨ੍ਹਾਂ (ਵਡ-ਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵਲੋਂ) ਉਹ ਰੱਜ ਜਾਂਦੇ ਹਨ, ਆਪਾ-ਭਾਵ ਛੱਡ ਕ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ- ਹੇ ਪ੍ਰਭੂ ! ਸਾਨੂੰ ਆਪਣੇ ਲੜ ਲਾਈ ਰੱਖ।

ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿਚੋਂ) ਵਿਛੁੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ (ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।

ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ ਉਹ ਜੀਵ ਇਸਤ੍ਰੀਆਂ ਸੁਖ ਵਿਚ ਵੱਸਦੀਆਂ ਹਨ, ਜਿੰਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ । ੮ ।

# ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ (ਪਾਕਿਸਤਾਨ) ਸ਼ਹਿਰ ਦੇ ਬਾਜ਼ਾਰ ਚੂਨਾ ਮੰਡੀ ਵਿਖੇ 24 ਸਤੰਬਰ, ਸੰਨ ੧੫੩੪ ਨੂੰ ਹੋਇਆ । ਆਪ ਜੀ ਦੇ ਪਿਤਾ ਸ੍ਰੀ ਹਰਦਾਸ ਜੀ ਤੇ ਮਾਤਾ ਦਇਆ ਕੌਰ ਜੀ ਸਨ । ਆਪ ਕਿਉਂਕਿ ਮਾਤਾ-ਪਿਤਾ ਦੇ ਘਰ ਜੰਮੇ ਪਹਿਲੇ ਪੁੱਤਰ ਸਨ, ਇਸ ਲਈ ਪਲੇਠੀ ਦਾ ਪੁੱਤਰ ਹੋਣ ਕਰਕੇ ਸਭ ਆਪ ਨੂੰ ਜੇਠਾ ਕਰਕੇ ਸੱਦਣ ਲੱਗੇ, ਜਿਸ ਤੋਂ ਆਪ ਜੀ ਦਾ ਨਾਂ ਹੀ ਜੇਠਾ ਪ੍ਰਸਿੱਧ ਹੋ ਗਿਆ । ਆਪ ਅਜੇ ਬਹੁਤ ਹੀ ਛੋਟੀ ਉਮਰ ਦੇ ਸਨ ਕਿ ਆਪ ਦੀ ਮਾਤਾ ਜੀ ਚਲਾਣਾ ਕਰ ਗਏ । ਸੱਤ ਸਾਲ ਦੇ ਹੋਏ ਤਾਂ ਪਿਤਾ ਹਰਦਾਸ ਜੀ ਵੀ ਚੜ੍ਹਾਈ ਕਰ ਗਏ । ਆਪ ਦੇ ਨਾਨਕੇ ਪਿੰਡ ਬਾਸਰਕੇ ਸਨ । ਆਪ ਦੀ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ । ਬਾਸਰਕੇ (ਗੁਰੂ) ਅਮਰਦਾਸ ਜੀ ਵੀ ਆਪ ਨੂੰ ਮਿਲੇ। ਧੀਰਜ ਤੇ ਹੌਂਸਲਾ ਦਿੱਤਾ ।

ਬਾਸਰਕੇ ਆ ਕੇ ਆਪ ਨੇ ਛੋਟੀ ਉਮਰੇ ਘੁੰਗਣੀਆਂ (ਉਬਲੇ ਛੋਲੇ ਆਦਿ) ਵੇਚਣੀਆਂ ਆਰੰਭ ਕੀਤੀਆਂ । ਪੰਜ ਸਾਲ ਨਾਨੀ ਜੀ ਕੋਲ ਹੀ ਟਿਕੇ ਰਹੇ । ਸੰਨ 1546 ਵਿੱਚ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਦੇ ਹੁਕਮ ਨਾਲ ਗੋਇੰਦਵਾਲ ਵਸਾਇਆ ਤਾਂ ਆਪਣੇ ਕਈ ਸਾਕ ਅੰਗਾਂ ਨੂੰ ਗੋਇੰਦਵਾਲ ਲੈ ਆਏ । ਜੇਠਾ ਜੀ ਵੀ ਆਪਣੀ ਨਾਨੀ ਸਮੇਤ ਗੋਇੰਦਵਾਲ ਆ ਵਸੇ । ਉਸ ਸਮੇਂ ਆਪ ਦੀ ਉਮਰ 12 ਸਾਲ ਦੀ ਸੀ । ਗੋਇੰਦਵਾਲ ਆ ਕੇ ਘੁੰਗਣੀਆਂ ਵੇਚਣ ਦਾ ਕੰਮ ਜਾਰੀ ਰਿਹਾ । (ਗੁਰੂ) ਅਮਰਦਾਸ ਜੀ ਨਾਲ ਨੇੜਤਾ ਵਧਦੀ ਗਈ । ਸੰਨ 1552 ਵਿੱਚ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲੀ । ਸੰਨ 1553 ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਜੇਠਾ ਜੀ ਨਾਲ ਕਰ ਦਿੱਤੀ ।

ਆਪ ਜੀ ਦੀ ਉਮਰ ਉਸ ਸਮੇਂ 19 ਸਾਲ ਦੀ ਸੀ । ਬੀਬੀ ਭਾਨੀ ਜੀ ਦੀ ਕੁਖੋਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਤੇ ਗੁਰੂ ਅਰਜਨ ਸਾਹਿਬ ਪੈਦਾ ਹੋਏ ।

ਜਦੋਂ ਗੁਰੂ ਅਮਰਦਾਸ ਜੀ ਵਿਰੁੱਧ ਗੋਇੰਦਵਾਲ ਦੇ ਤਪੇ ਤੇ ਕੁਝ ਜ਼ਾਤ ਅਭਿਮਾਨੀਆਂ ਨੇ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਤਾਂ ਗੁਰੂ ਅਮਰਦਾਸ ਜੀ ਦੇ ਕਹਿਣ ਤੇ (ਗੁਰੂ) ਰਾਮਦਾਸ ਜੀ ਅਕਬਰ ਕੋਲ ਗਏ ਤੇ ਅਕਬਰ ਨੂੰ ਸਿੱਖ ਧਰਮ ਦਾ ਆਦਰਸ਼ ਐਸੇ ਮਿੱਠੇ ਤੇ ਸੁਚੱਜੇ ਤਰੀਕੇ ਨਾਲ ਪੇਸ਼ ਕੀਤਾ ਕਿ ਉਸ ਦੀ ਪੂਰੀ ਨਿਸ਼ਾ ਹੋ ਗਈ ।

ਆਪ, ਗੁਰੂ ਅਮਰਦਾਸ ਜੀ ਦੇ ਭਾਵੇਂ ਰਿਸ਼ਤੇ ਵਿਚੋਂ ਜਵਾਈ ਲਗਦੇ ਸਨ ਪਰੰਤੂ ਸਭ ਦੁਨਿਆਵੀ ਰਿਸ਼ਤੇ ਭੁਲਾ ਕੇ ਗੁਰੂ ਦੇ ਸਿੱਖ ਹੋ ਕੇ ਸੇਵਾ ਕਰਦੇ ਰਹੇ । ਜਦੋਂ ਗੋਇੰਦਵਾਲ ਬਉਲੀ ਦੀ ਸੇਵਾ ਹੋਈ ਤਾਂ ਆਪ ਨੇ ਬਾਕੀ ਸਿੱਖਾਂ ਵਾਂਗ ਟੋਕਰੀ ਢੋਣ, ਗਾਰੇ ਅਤੇ ਮਿੱਟੀ ਚੂਨੇ ਆਦਿ ਦੀ ਸੇਵਾ ਦਾ ਕੰਮ ਕੀਤਾ । ਆਪ ਦੇ ਸ਼ਰੀਕਾਂ ਨੇ ਤਾਹਨੇ ਮਿਹਣੇ ਵੀ ਦਿੱਤੇ ਪਰ ਆਪ ਨੇ ਉਹਨਾਂ ਦੀ ਕੋਈ ਪਰਵਾਹ ਨਾ ਕੀਤੀ।

ਆਪ ਨੇ ਸੇਵਾ ਕਰ ਕੇ ਗੁਰੂ ਅਮਰਦਾਸ ਜੀ ਦਾ ਮਨ ਜਿੱਤ ਲਿਆ । ਸਿੱਖੀ ਆਸ਼ੇ ਨੂੰ ਪੂਰੀ ਤਰ੍ਹਾਂ ਸਮਝ ਲਿਆ ਤੇ ਆਪਣਾ ਜੀਵਨ ਸਿੱਖੀ ਦੇ ਸੈਂਚੇ ਵਿੱਚ ਢਾਲ ਲਿਆ । ਜਦੋਂ ਇੱਕ ਵਾਰ ਗੁਰੂ ਅਮਰਦਾਸ ਜੀ ਨੇ ਆਪ ਦੀ ਤੇ ਆਪਣੇ ਦੂਜੇ ਜਵਾਈ ਰਾਮਾ ਜੀ ਦੀ ਥੜ੍ਹੇ ਬਣਾਉਣ ਦੀ ਪ੍ਰੀਖਿਆ ਲਈ ਤਾਂ (ਗੁਰ) ਰਾਮਦਾਸ ਜੀ ਪ੍ਰੀਖਿਆ ਵਿੱਚੋਂ ਪਾਸ ਹੋ ਗਏ ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਨੂੰ ਵਧਦਾ ਵੇਖ ਕੇ ਫੈਸਲਾ ਕੀਤਾ ਕਿ ਧਰਮ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਤੋਂ ਬਦਲਿਆ ਜਾਵੇ। ਸੰਨ 1570 ਵਿਚ ਮਾਝੇ ਵਿਚ ਥਾਂ ਪਸੰਦ ਕਰ ਕੇ (ਜਿਸ ਥਾਂ ਹੁਣ ਅੰਮ੍ਰਿਤਸਰ ਹੈ) ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਗੁਰੂ ਕਾ ਚੱਕ ਵਸਾਣ ਦਾ ਕੰਮ ਸੌਂਪਿਆ। ਆਪ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭੀ, ਫਿਰ ਨਗਰ ਦੀ ਨੀਂਹ ਰੱਖੀ, ਜਿਸ ਦਾ ਨਾਮ 'ਗੁਰੂ ਕਾ ਚੱਕ' ਰੱਖਿਆ ਗਿਆ। ਗੁਰੂ ਅਰਜੁਨ ਦੇਵ ਜੀ ਨੇ ਬਾਅਦ ਵਿੱਚ ਪਿੰਡ ਦਾ ਨਾਂ 'ਚੱਕ ਰਾਮਦਾਸ' ਜਾਂ 'ਰਾਮਦਾਸਪੁਰਾ' ਰੱਖ ਦਿੱਤਾ।

ਗੁਰੂ ਅਮਰਦਾਸ ਜੀ ਨੇ ਅਗਸਤ ਸੰਨ 1574 ਵਿੱਚ ਸਾਰੀ ਸੰਗਤ ਤੇ ਆਪਣੇ ਪਰਿਵਾਰ ਦੇ ਸਾਹਮਣੇ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੇ ਦਿੱਤੀ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ ਤਾਂ ਆਪ ਵੈਰਾਗ ਵਿੱਚ ਬੋਲ ਉਠੇ, "ਪਾਤਸ਼ਾਹ ! ਤੂੰ ਆਪ ਜਾਣਦਾ ਹੈ ਕਿ ਮੈਂ ਲਾਹੌਰ ਦੀਆਂ ਗਲੀਆਂ ਵਿੱਚ ਕੱਖਾਂ ਵਾਂਗ ਰੁਲਣ ਵਾਲਾ ਸੀ। ਮੇਰੀ ਯਤੀਮ ਦੀ ਬਾਂਹ ਫੜਨ ਲਈ ਕੋਈ ਤਿਆਰ ਨਹੀਂ ਸੀ। ਪਾਤਸ਼ਾਹ ! ਇਹ ਤੇਰੀ ਹੀ ਮਿਹਰ ਹੈ ਕਿ ਤੂੰ ਮੇਰੇ ਵਰਗੇ ਕੀੜੇ ਨੂੰ ਪਿਆਰ ਨਾਲ ਤੱਕਿਆ ਤੇ ਮੈਨੂੰ ਯਤੀਮ ਨੂੰ ਅੱਜ ਅਰਸ਼ਾਂ ਤੇ ਅਪੜਾ ਦਿੱਤਾ ਹੈ।"

ਗੁਰੂ ਰਾਮਦਾਸ ਜੀ ਨੇ ਗੁਰੂ ਬਣਨ ਪਿਛੋਂ ਮਾਝੇ ਵਿੱਚ ਸਿੱਖੀ ਦੇ ਪ੍ਰਚਾਰ ਤੇ ਜ਼ੋਰ ਦਿੱਤਾ। ਆਪ ਨੇ ਮਸੰਦ ਸਿਸਟਮ ਕਾਇਮ ਕੀਤਾ। ਉੱਚੇ ਸੁੱਚੇ ਗੁਰਸਿੱਖ, ਮਸੰਦ ਦੀ ਸੇਵਾ ਨਿਭਾਉਣ ਲੱਗੇ। ਸੰਗਤਾਂ ਤੋਂ ਭੇਟਾ ਇਕੱਠੀ ਕਰ ਕੇ ਗੁਰੂ ਜੀ ਨੂੰ ਪਹੁੰਚਾਉਣੀ ਤੇ ਸਿੱਖੀ ਦਾ ਪ੍ਰਚਾਰ ਕਰਨਾ, ਮਸੰਦਾ ਦਾ ਕੰਮ ਸੀ।

ਗੁਰੂ ਕੇ ਚੱਕ ਵਿਖੇ ਆਪ ਨੇ ਵਸੋਂ ਕਰਾਉਣੀ ਆਰੰਭੀ। ਇਸ ਲਈ ਆਪ ਨੇ ਥਾਂ-ਥਾਂ ਤੋਂ ਵੱਖ-ਵੱਖ ਕੰਮਾਂ ਕਿਤਿਆਂ ਵਾਲੇ ਬੰਦੇ ਮੰਗਵਾ ਕੇ ਇਥੇ ਵਸਾਏ। ਹਰ ਤਰ੍ਹਾਂ ਦਾ ਕਾਰ ਵਿਹਾਰ ਗੁਰੂ ਕੇ ਚੱਕ ਵਿਖੇ ਹੋਣ ਲੱਗਾ। ਸੰਨ 1577 ਵਿੱਚ ਆਪ ਨੇ ਦੁੱਖ-ਭੰਜਨੀ ਬੇਰੀ ਦੇ ਪਾਸ ਇੱਕ ਤਲਾ (ਅੰਮ੍ਰਿਤਸਰ) ਖੁਦਵਾਇਆ, ਜਿਸ ਨੂੰ ਮਗਰੋਂ ਗੁਰੂ ਅਰਜੁਨ ਦੇਵ ਜੀ ਨੇ ਸੰਪੂਰਨ ਕੀਤਾ।

ਗੁਰੂ ਰਾਮਦਾਸ ਜੀ ਦੇ ਤਿੰਨ ਸ਼ਾਹਿਹਬਜ਼ਾਦੇ ਸਨ। ਸਭ ਤੋਂ ਵੱਡੇ ਬਾਬਾ ਪ੍ਰਿਥੀ ਚੰਦ ਜੀ ਪ੍ਰਬੰਧ ਕਰਨ ਵਿੱਚ ਨਿਪੁੰਨ, ਆਮਦਨ ਖਰਚ ਦਾ ਹਿਸਾਬ ਰੱਖਣ ਵਾਲੇ, ਆਏ ਗਏ ਦੀ ਸੰਭਾਲ ਕਰਨ ਵਾਲੇ, ਚੁਸਤ ਤੇ ਕਾਰ-ਵਿਹਾਰ ਵਿੱਚ ਬੜੇ ਯੋਗ ਸਨ, ਪਰ ਆਤਮਕ ਗੁਣਾਂ ਤੋਂ ਸੱਖਣੇ ਸਨ। ਦੂਸਰੇ ਪੁੱਤਰ ਮਹਾਂਦੇਵ ਜੀ ਰਸਤੇ ਸਾਧੂ ਸੁਭਾ ਦੇ ਮਾਲਕ ਤੇ ਉਪਰਾਮ ਰਹਿਣ ਵਾਲੇ ਸਨ, ਕਿਸੇ ਕੰਮ ਵਿੱਚ ਰੁਚੀ ਨਹੀਂ ਸਨ ਰੱਖਦੇ। ਤੀਸਰੇ ਪੁੱਤਰ ਸ੍ਰੀ (ਗੁਰੂ) ਅਰਜੁਨ ਦੇਵ ਜੀ ਵਿੱਚ ਗੁਰਸਿੱਖਾਂ ਵਾਲੇ ਸਾਰੇ ਗੁਣ ਸਨ। ਉਹ ਹਰ ਤਰ੍ਹਾਂ ਨਾਲ ਲਾਇਕ ਸਨ। ਇਸ ਲਈ ਗੁਰੂ ਰਾਮਦਾਸ ਜੀ ਨੇ ਅਗਸਤ ਸੰਨ 1581 ਵਿੱਚ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਬਖਸ਼ੀ ਤੇ ਆਪ 1 ਸਤੰਬਰ, ਸੰਨ 1581 ਨੂੰ ਜੋਤੀ ਜੋਤ ਸਮਾਂ ਗਏ।

**ਧੰਨਵਾਦਿ ਸਾਹਿਤ ਵਿਚੋਂ :-**
ਦਸ ਗੁਰੂ ਸਾਹਿਬਾਨ
**ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ**

# ਕਰਮ ਧਰਮ ਪਾਖੰਡ ਜੋ ਦੀਸਹਿ

ਬਲਵਿੰਦਰ ਸਿੰਘ 'ਸਾਗਰ'

ਸਦੀਆਂ ਤੋਂ ਧਰਮ ਦੇ ਨਾਂ ਤੇ ਪਾਖੰਡ ਹੁੰਦਾ ਆਇਆ ਹੈ । ਭੋਲੇ ਭਾਲੇ ਲੋਕ ਇਸਦਾ ਸ਼ਿਕਾਰ ਹੁੰਦੇ ਆਏ ਹਨ । ਇਹ ਪਾਖੰਡੀ ਕਿਸੇ ਨ ਕਿਸੇ ਰੂਪ ਵਿੱਚ ਸਿਧੇ ਸਾਦੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਉਨ੍ਹਾਂ ਦਾ ਸ਼ੋਸ਼ਨ ਕਰਦੇ ਹਨ । ਬਹੁਗਿਣਤੀ ਲੋਕ ਅੰਧ ਵਿਸ਼ਵਾਸੀ ਹੋਣ ਕਾਰਨ ਇਨ੍ਹਾਂ ਦਾ ਧੰਦਾ ਬਹੁਤ ਵਧਿਆ ਫੁਲਿਆ ਹੈ । ਜਿਥੇ ਆਮ ਜਨਤਾ ਦੀ ਅਗਿਆਨਤਾ ਅਤੇ ਅੰਧ ਵਿਸ਼ਵਾਸ਼ ਇਸ ਲਈ ਜਿਮੇਵਾਰ ਉਥੇ ਰਾਜਨੀਤਕ ਲੋਕ ਵੀ ਇਸਦੇ ਜਿਮੇਵਾਰ ਹਨ । ਰਾਜਨੀਤਕ ਲੋਕਾਂ ਨੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਇਨ੍ਹਾਂ ਪਾਖੰਡੀਆਂ, ਅਖੌਤੀ ਸੰਤਾਂ, ਬਾਬਿਆਂ ਆਦਿ ਨੂੰ ਆਪਣੇ ਹਿਤਾਂ ਲਈ ਵਰਤਨਾ ਸ਼ੁਰੂ ਕਰ ਦਿੱਤਾ । ਇਨ੍ਹਾਂ ਪਾਖੰਡੀਆਂ ਦੀ ਪੁਸ਼ਤ ਪਨਾਹੀ ਕਰਨੀ ਸ਼ੁਰੂ ਕਰ ਦਿੱਤੀ । ਇਨ੍ਹਾਂ ਨੂੰ ਖੁਲ੍ਹੇ ਦਿਲ ਨਾਲ ਜ਼ਮੀਨਾਂ, ਮਾਇਆ ਅਤੇ ਅਨ੍ਹੀ ਮਦਦ ਕਰਨੀ ਸ਼ੁਰੂ ਕਰ ਦਿੱਤੀ । ਜਿਸ ਕਰਕੇ ਇਹ ਪਾਖੰਡੀ ਹੋਰ ਵਧੇ ਫੂਲੇ ਅਤੇ ਸ਼ਕਤੀਸ਼ਾਲੀ ਹੋ ਗਏ । ਧਰਮ ਦੇ ਨਾਂ ਤੇ ਵਧੇ ਫੂਲੇ ਇਹ ਲੋਕ ਧਰਮ ਨੂੰ ਛਡ ਕੇ ਅਧਰਮ ਦੇ ਰਸਤੇ ਚਲ ਪਏ । ਭ੍ਰਿਸ਼ਟਾਚਾਰ, ਦੁਰਾਚਾਰ ਗੈਰ ਕਾਨੂੰਨੀ ਅਤੇ ਗੈਰ ਇਖਲਾਕੀ ਕੰਮਾਂ ਵਿੱਚ ਲਿਪਤ ਹੋ ਗਏ । ਧਰਮ ਦਾ ਜਿੰਨਾਂ ਨੁਕਸਾਨ ਇਨ੍ਹਾਂ ਲੋਕਾਂ ਨੇ ਕੀਤਾ ਉੁਨਾਂ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ।

ਚੌਧਵੀ ਸਦੀ ਦੇ ਅੰਤ ਅਤੇ ਪੰਦਰਵੀ ਸਦੀ ਵਿੱਚ ਭਾਰਤ ਵਿੱਚ ਧਰਮ ਦੇ ਨਾਂ ਤੇ ਪਾਖੰਡ, ਲੁਟ ਖਸੁਟ, ਅੰਧ ਵਿਸ਼ਵਾਸ਼, ਅਗਿਆਨਤਾ, ਜਾਤ ਪਾਤ, ਛੂਆ ਛੂਤ ਅਤੇ ਹੋਰ ਸਮਾਜਕ ਕੁਰੀਤੀਆਂ ਆਪਣੇ ਸਿਖਰ ਤੇ ਸਨ । ਕਰਮਕਾਂਡੀ ਲੋਕਾਂ ਨੇ ਆਮ ਲੋਕਾਂ ਨੂੰ ਗੁਮਰਾਹ ਕੀਤਾ ਅਤੇ ਅਗਿਆਨਤਾ ਦੀ ਦਲਦਲ ਵਿੱਚ ਧੱਕ ਦਿੱਤਾ । ਪਰ ਸਚੇ ਸੁਚੇ ਧਾਰਮਕ ਅਵਤਾਰੀ ਪੁਰਸ਼ਾਂ, ਭਗਤਾਂ ਗੁਰੂਆਂ ਨੇ ਇਸ ਵਿਰੁਧ ਜੋਰਦਾਰ ਆਵਾਜ ਬਲੰਦ ਕੀਤੀ । ਇਨ੍ਹਾਂ ਪਾਖੰਡੀਆਂ ਦਾ ਡਟ ਕੇ ਵਿਰੋਧ ਕੀਤਾ ਅਤੇ ਲੋਕਾਂ ਨੂੰ ਸੁਚੇਤ ਕੀਤਾ । ਸਿਖ ਧਰਮ ਦੇ ਬਾਨੀ ਧੰਨ ਗੁਰੂ ਨਾਨਕ ਪਿਤਾ ਨੇ ਧਾਰਮਕ ਪਾਖੰਡ ਦਾ ਡਟ ਕੇ ਵਿਰੋਧ ਕਰਦਿਆਂ ਫੁਰਮਾਇਆ :

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ਆਪੁ ਪਛਾੜਹਿ ਧਰਤੀ ਨਾਲਿ । ਅੰਗ ੪

ਧੰਨ ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ :

**ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥**
**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥**
**ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨ ਅੰਗ ੭੮੯**

ਭਗਤ ਕਬੀਰ ਜੀ ਦੇ ਬਚਨ ਹਨ :

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥ – ਅੰਗ ੮੫੫

ਗੁਰੂ ਅਰਜਨ ਦੇਵ ਜੀ ਨੇ ਨੇ ਪਾਖੰਡ ਦੇ ਵਿਰੁਧ ਖੁਲ੍ਹ ਕੇ ਪਰਚਾਰ ਕੀਤਾ ਤੇ ਆਖਿਆ

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥ - ਆਸਾ (ਮਃ ੫) - ਅੰਗ ੩੮੫

ਅਥਵਾ

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ੭੪੭

ਆਪ ਜੀ ਦਾ ਰਾਗ ਪ੍ਰਭਾਤੀ ਵਿਚ ਬਚਨ ਹੈ

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ਅੰਤਰ ਕੀ ਮਲੁ ਕਬ ਹੀ ਨ ਜਾਏ

ਭਗਤ ਕਬੀਰ ਜੀ ਅਨੁਸਾਰ-

ਹ੍ਰਿਦੈ ਕਪਟੁ ਮੁਖ ਗਿਆਨੀ ॥ਝੂਠੇ ਕਹਾ ਬਿਲੋਵਸਿ ਪਾਨੀ ॥੧- ਅੰਗ ੬੫੬

**ਅਥਵਾ:**

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ।। ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥ ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥ ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥ ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥ (ਭ. ਕਬੀਰ) ਅੰਗ ੪੭੬ ਇਹ ਹੈ ਪਾਖੰਡੀਆਂ ਦਾ ਅਸਲੀ ਚੇਹਰਾ ਅਤੇ ਆਚਰਣ।

ਦਸਮ ਪਿਤਾ ਨੇ ਸਾਨੂੰ ਸੁਚੇਤ ਕੀਤਾ ਹੈ ਅਤੇ ਹੁਕਮ ਕੀਤਾ ਹੈ

ਕਾਹੇ ਕਉ ਲੋਗ ਠਗੇ ਠਗ ਲੋਗਨਿ, ਲੋਗ ਗਯੋ ਪਰਲੋਗ ਗਵੈ ਹੈ ॥
ਦੀਨ ਦਯਾਲ ਕੀ ਠੌਰ ਜਹਾ, ਤਿਹਿ ਠੌਰ ਬਿਖੈ ਤੁਹਿ ਠੌਰ ਨ ਹ੍ਵੈ ਹੈ ॥
ਚੇਤ ਰੇ ਚੇਤ ਅਚੇਤ ਮਹਾ ਜੜ, ਭੇਖ ਕੇ ਕੀਨੇ ਅਲੇਖ ਨ ਪੈ ਹੈ ॥੧੯॥੩੩ਸਵੈਯੇ

ਅੱਜ ਵੀ ਨਜ਼ਰ ਮਾਰੀਏ ਤਾਂ ਹਾਲਾਤ ਬਹੁਤੇ ਚੰਗੇ ਨਹੀਂ ਹਨ । ਧਰਮ ਦੀ ਆੜ ਵਿੱਚ ਪਾਖੰਡ, ਦਿਖਾਵਾ, ਵਾਪਾਰ ,ਕਰਮਕਾਂਡ ਰਾਜਨੀਤੀ ਅਜ ਵੀ ਹੋ ਰਹੀ ਹੈ ।ਧਰਮ ਕਰਮ , ਕਥਾ ਕੀਰਤਨ ਸਮਾਗਮਾਂ ਦੀ ਭਰਮਾਰ ਹੈ । ਪਰ ਸਾਡੀ ਜੀਵਨ ਸ਼ੈਲੀ ਧਰਮੀ ਨਹੀ ਹੈ। ਸਮਾਜ ਵਿਚ ਫੈਲੀ ਨਫਰਤ, ਈਰਖਾ , ਹਿੰਸਾ , ਅਸਹਿਣਸ਼ੀਲਤਾ , ਅਨੁਸ਼ਾਸ਼ਨਹੀਣਤਾ ਇਸ ਗਲ ਦਾ ਪੁਖਤਾ ਸਬੂਤ ਹੈ। ਗੁਰਸਿਖੀ ਸਿਧਾਂਤ, ਧਰਮ ਅਤੇ ਮਰਿਯਾਦਾ ਦਾ ਰਜ ਕੇ ਘਾਣ ਹੋ ਰਿਹਾ ਹੈ। ਪਾਖੰਡ , ਡੇਰਾਵਾਦ, ਜਥੇ, ਜਥੇਬੰਦੀਆਂ ਸਭਾ ਸੁਸਾਇਟੀਆਂ ਅਤੇ ਕਈ ਪ੍ਰਬੰਧਕ ਕਮੇਟੀਆਂ ਮਰਿਯਾਦਾ

ਬਾਰੇ ਸਹਿਮਤ ਹੀ ਨਹੀ ਹਨ । ਇਸ ਕਾਰਣ ਹੁੰਦੇ ਨਿਤ ਝਗੜੇ ਆਮ ਸੰਗਤ ਅਤੇ ਖਾਸ ਕਰ ਨੌਜਵਾਨ ਧਰਮ ਤੋਂ ਦੂਰ ਕਰ ਰਹੇ ਹਨ ।

ਲੋੜ ਹੈ ਪੰਥ ਨੂੰ ਸਿਰ ਜੋੜ ਕੇ ਬੈਠਣ ਦੀ ਅਤੇ ਇਸ ਦਲਦਲ ਵਿਚੋਂ ਕੌਮ ਨੂੰ ਕਢਣ ਦੀ। ਲੋੜ ਹੈ ਪੜ੍ਹੇ ਲਿਖੇ, ਜਾਗਰੁਕ, ਸ਼ਰਧਾਵਾਨ ਅਤੇ ਜੀਵਨ ਵਾਲੇ ਪਰਚਾਰਕਾਂ ਅਤੇ ਪ੍ਰਬੰਧਕਾਂ ਦੀ , ਜੋ ਕੋਮ ਨੂੰ ਸਹੀ ਦਿਸ਼ਾ ਦੇ ਸਕਣ । ਤਾਂ ਜੋ ਸਭ ਤੋਂ ਨਵੀਨਤਮ ਧਰਮ, ਸਿੱਖ ਧਰਮ ਦੇ ਸ਼ਬਦ ਗੁਰੂ ਦਾ ਸਿਧਾਂਤ ਹਰ ਮਨੁੱਖ ਤੱਕ ਪੁਜੇ ਅਤੇ ਮਨੁਖਤਾ ਦਾ ਭਲਾ ਹੋ ਸਕੇ ।

## ਭਾਈ ਕਾਨ੍ਹ ਸਿੰਘ ਜੀ ਨਾਭਾ

**ਡਾ. ਦੇਵਿੰਦਰ ਸਿੰਘ ਵਿਦਿਆਰਥੀ**

ਸ਼ਖਸੀਅਤਾਂ, ਕਿਸੇ ਜਾਤ, ਖੇਤਰ, ਦੇਸ਼, ਕੌਮ ਦਾ ਅਮੁੱਲਾ ਵਿਰਸਾ ਹੁੰਦੀਆਂ ਹਨ । ਸ਼ਖਸੀਅਤਾਂ ਦੀ ਕਿਸੇ ਕਾਲ, ਕਿਸੇ ਦੇਸ਼ ਵਿੱਚ ਕਦੇ ਅਣਹੋਂਦ ਨਹੀਂ ਹੋਈ, ਕਦੇ ਥੁੜ੍ਹ ਨਹੀਂ ਆਈ । ਕੁਝ ਵਿਚਿਤ੍ਰ ਸ਼ਖ਼ਸੀਅਤਾਂ ਆਪਣੇ ਕਾਲ ਅਤੇ ਦੇਸ਼ ਤੋਂ ਬੇ-ਨਿਆਜ਼ ਹੱਦਾਂ-ਬੰਨਿਆਂ ਤੋਂ ਪਾਰ ਆਪਣੀ ਖੁਸ਼ਬੋਈ ਸਾਂਝੀ ਕਰ ਲੈਂਦੀਆਂ ਹਨ ਤੇ ਇੰਞ ਬਹੁਦੇਸ਼ੀ ਪ੍ਰਸਿੱਧੀ ਦੀਆਂ ਮਾਲਿਕ ਬਣ ਬਹਿੰਦੀਆਂ ਹਨ ਅਤੇ ਕੁਝ ਉਸ ਤੋਂ ਵੀ ਅਗੇਰੇ-ਰਾਸ਼ਟਰੀ ਜਾਂ ਦੁਨੀਆਂ ਭਰ ਵਿੱਚ ਉੱਘੀਆਂ ਹੁੰਦੀਆਂ ਹਨ । ਭਾਈ ਕਾਨ੍ਹ ਸਿੰਘ ਜੀ ਨਾਭਾ ਪੰਜਾਬ ਦਾ ਉਹ ਮਹਾਨ ਸਪੂਤ ਸੀ ਜਿਸਨੇ ਆਪਣੇ ਗੁਣਾਂ ਕਾਰਨ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ । ਭਾਈ ਕਾਨ੍ਹ ਸਿੰਘ ਜੀ ਦੀ ਸ਼ਖਸੀਅਤ ਵਿੱਚ ਬਹੁਤ ਸਾਰੇ ਤੱਤ ਆਪਣੇ ਜੋਬਨ ਵਿੱਚ ਵਿਆਪਕ ਦਿਖਾਈ ਦਿੰਦੇ ਹਨ । ਕਿਧਰੇ ਕੋਈ ਕਾਣ ਨਹੀਂ ਨਜ਼ਰ ਆਉਂਦੀ । ਸਿੱਖੀ ਦੇ ਪਰਿਵੇਸ਼ ਵਿੱਚ ਭਾਈ ਕਾਨ੍ਹ ਸਿੰਘ ਨੂੰ ਉਹੀ ਥਾਂ ਦੇਣੀ ਬਣਦੀ ਹੈ, ਜੋ ਇਸਲਾਮੀ ਪਰਿਵੇਸ਼ ਵਿੱਚ ਅਤੇ ਪਾਕਿਸਤਾਨ ਦੇ ਸੰਬੰਧ ਵਿੱਚ ਡਾ: ਇਕਬਾਲ ਨੂੰ ਦਿੱਤੀ ਜਾਂਦੀ ਹੈ । ਦੋਹਾਂ ਵਿੱਚ ਇੱਕ ਸਾਂਝ ਹੋਰ ਵੀ ਹੈ ਕਿ ਇਹ ਦੋਵੇਂ ਆਪਣੇ ਧਰਮ ਨਾਲ ਡੂੰਘਾ ਮੋਹ ਰੱਖਦੇ ਸਨ । ਦੋਵੇਂ ਆਪਣੇ ਪਰਿਵਾਰਾਂ ਵਿੱਚ, ਨਵੀਂ ਵਿਦਿਆ ਨਾਲ, ਸੱਜਰੇ ਪਰ ਡੂੰਘੇ ਜੁੜੇ ਹੋਏ ਹਨ । ਦੋਹਾਂ ਵਿੱਚ ਯੂਰਪੀਨਾਂ ਦੇ ਮੇਲ-ਜੋਲ ਨੇ ਨਵੇਂ ਨਵੇਕਲੇ ਚਿੰਤਨ ਨੂੰ ਹਲੂਣਾ ਦਿੱਤਾ ਸੀ । ਦੋਹਾਂ ਦੇ ਨਵੇਂ ਚਿੰਤਨ ਨੂੰ ਪੁਰਾਣ-ਪੰਥੀਆਂ ਨੇ ਸਮਝਣ ਦਾ ਯਤਨ ਘੱਟ ਕੀਤਾ ਅਤੇ ਬੇ-ਸਮਝੀ ਨਾਲ ਉਲਝਾਉਣ ਦਾ ਬਾਨ੍ਹਣੂੰ ਵਧੇਰੇ ਬੰਨ੍ਹਿਆ ।

...ਥੋੜੇ ਹੀ ਦਿਨ ਪਹਿਲਾਂ, ਦੋਹਾਂ ਵਿਦਵਾਨਾਂ, ਇਕਬਾਲ ਅਤੇ ਭਾਈ ਕਾਨ੍ਹ ਸਿੰਘ ਦੇ ਭਾਈਚਾਰਿਆਂ..ਹੱਥੋਂ ਰਾਜ-ਤੇਜ ਗੁਆਚਿਆ ਸੀ ਅਤੇ ਦੋਵੇਂ ਧਿਰਾਂ ਆਪਣੇ ਗੁਆਚਦੇ ਭਵਿੱਖ ਦੀ ਭਾਲ ਵਿੱਚ ਮਣੀਓ ਖੁੱਥੇ ਸੱਪ ਵਾਂਗ ਲੂੰਹਦੀਆਂ ਫਿਰ ਰਹੀਆਂ ਸਨ । ਇਕਬਾਲ ਕਹਿੰਦਾ ਸੀ:

**ਮਜ਼ਹਬ ਨਹੀਂ ਸਿਖਾਤਾ ਆਪਿਸ ਮੇਂ ਬੈਰ ਰਖਨਾ,**
**ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਂ ਹਮਾਰਾ ।**

ਭਾਈ ਕਾਨ੍ਹ ਸਿੰਘ ਵੀ ਲਗ-ਪਗ ਉਸੇ ਹੀ ਸਮੇਂ ਵਿੱਚ, ਆਪਣੀ ਰਚਨਾ **'ਹਮ ਹਿੰਦੂ ਨਹੀਂ'** ਵਿੱਚ ਕਹਿੰਦੇ ਹਨ :

"...ਆਪ ਨੂੰ ਕੇਵਲ ਇਹੋ ਜਾਨਣਾ ਯੋਗ ਹੈ ਕਿ ਸਿੱਖ ਧਰਮ ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ...ਕੇਸ਼ਬ ਚੰਦ੍ਰ ਸੇਨ ਨੇ ਆਖਿਆ :

**"...ਸਿੱਖ ਧਰਮ ਹਿੰਦੂ ਧਰਮ ਸੇ ਪੈਦਾ ਹੂਆ ਥਾ, ਅਬ ਹਿੰਦੂ ਧਰਮ ਇਸ ਧਰਮ ਕੋ ਨਿਗਲ ਰਹਾ ਹੈ" ।**

ਤਦ ਕੋਈ ਉਂਗਲ ਨਹੀਂ ਉੱਠੀ, ਪਰ ਕਾਨ੍ਹ ਸਿੰਘ ਨੇ ਲਿਖਿਆ:...**ਕੌਮ ਕੋਈ ਭੀ ਸੰਸਾਰ ਪਰ ਸੁਤੰਤਰ ਹੋਏ ਬਿਨਾਂ ਪੂਰੀ ਉੱਨਤੀ ਨਹੀਂ ਕਰ ਸਕਦੀ । ਜਦ ਤੌੜੀ ਕੋਈ ਕੌਮ ਕਿਸੇ ਕੌਮ ਦੀ ਸ਼ਾਖ ਬਣ ਕੇ ਰਹੀ ਹੈ, ਤਦ ਤੋੜੀ ਗੁਲਾਮੀ ਦੀ ਦਸ਼ਾ ਵਿੱਚ ਰਹੀ ਹੈ । ਔਰ ਵਾਧੇ ਦੇ ਥਾਂਉ ਘਾਟਾ ਹੁੰਦਾ ਰਹਿਆ ਹੈ । ਅਸੀਂ ਤਜਰਬੇ ਨਾਲ ਵੇਖਿਆ ਹੈ ਕਿ ਹਿੰਦੂ ਕੌਮ ਨਾਲ ਇੱਕ ਮਿੱਕ ਹੋਣ ਕਰਕੇ ਸਿੱਖਾਂ ਦੀ ਭਾਰੀ ਹਾਨੀ ਹੋਈ ਹੈ ਔਰ ਨਿਤ ਹੋ ਰਹੀ ਹੈ ।**...ਤੱਦ ਅਨੇਕ ਵਿਰੋਧ-ਵਾਦੀ ਝੱਖੜ ਝੁਲੇ ।

ਭਾਈ ਕਾਨ੍ਹ ਸਿੰਘ ਦੇ ਵਡੇਰਿਆਂ ਦੀਆਂ ਚਾਰ ਪੀੜ੍ਹੀਆਂ ਅਤੇ ਉਸ ਦਾ ਆਪਣਾ ਸਾਰਾ ਜੀਵਨ ਹੀ ਕਿਸੇ ਰੂਪ ਵਿੱਚ ਲਾਹੌਰ ਅਤੇ ਨਾਭੇ ਦੇ ਰਾਜ-ਪਰਿਵਾਰਾਂ ਨਾਲ ਜੁੜਿਆ ਰਿਹਾ । ਦਰਬਾਰ-ਦਾਰੀ ਉਨ੍ਹਾਂ ਦੇ ਸੁਭਾਅ ਦਾ ਅੰਗ ਬਣ ਚੁਕੀ ਸੀ । ਇਸ ਦਾ ਇੱਕ ਪ੍ਰਭਾਵ ਰੁਚੀਆਂ ਅਤੇ ਪ੍ਰਵਿਰਤੀਆਂ ਦਾ ਵਿਕਾਸ ਹੋਣਾ ਸੁਭਾਵਕ ਸੀ, ਜਿਸ ਨਾਲ ਤਬੀਅਤ ਵਿੱਚ ਨਫਾਸਤ ਅਤੇ ਸੰਜਮ ਦਾ ਰਚਾਉ ਕੁਦਰਤੀ ਸੀ । ਫਰਜ਼ਸ਼ਨਾਸੀ ਅਤੇ ਨਿਰਣੇ ਲੈਣ ਦੀ ਸਮਰੱਥਾ ਦੂਜੀ ਪ੍ਰਾਪਤੀ ਕਹੀ ਜਾਵੇਗੀ । ਉਦਾਰਤਾ ਤੀਜੀ । ਅਹਿਲਕਾਰੀ ਦੇ ਇਨ੍ਹਾਂ ਗੁਣਾਂ ਕਾਰਣ ਹੀ ਉਨ੍ਹਾਂ ਦੇ ਭਰਾ, ਭਾਈ ਸਾਹਿਬ ਨੂੰ ਜਮਾਂਦਰੂ ਸ਼ਹਿਜ਼ਾਦਾ ਆਖਦੇ ਸਨ ।

ਦ੍ਰਿੜ੍ਹ ਫੈਸਲੇ ਕਰ ਸਕਣ ਦੀ ਸਮਰੱਥਾ ਨੌਜਵਾਨ ਕਾਨ੍ਹ ਸਿੰਘ ਵਿੱਚ, ਫਾਰਸੀ ਸਿੱਖਣ ਦੇ ਮਾਮਲੇ ਵਿੱਚ ਦੇਖੀ ਗਈ । ਇਸ ਫੈਸਲੇ ਵਿੱਚ ਹਠ ਅਤੇ ਦਲੀਲ ਦਾ ਪ੍ਰਭਾਵ ਸੰਤੁਲਿਤ ਸੀ । ਦਲੀਲ ਦਾ ਰੂਪ ਵੇਖਣ ਵਾਲਾ ਹੈ: ਇੱਕ ਪ੍ਰਪੰਚੀ ਸਿੱਖ ਨੇ ਸਾਖੀ ਵਿੱਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਹੁਕਮ ਦਿੰਦੇ ਹਨ ਕਿ ਮੇਰਾ ਸਿੱਖ ਫਾਰਸੀ ਨਾ ਪੜ੍ਹੇ ਪਰ ਉਸ ਨੇ ਇਹ ਨਹੀਂ ਸੋਚਿਆ ਕਿ ਜ਼ਫਰਨਾਮਾ ਦੇ ਕਰਤਾ, ਭਾਈ ਨੰਦ ਲਾਲ ਜੀ ਕਵਿਤਾ ਨੂੰ ਸਨਮਾਨ ਦੇਣ ਵਾਲੇ ਕਲਗੀਧਰ ਸ੍ਵਾਮੀ ਜੇ ਅਰਬੀ ਫਾਰਸੀ ਨੂੰ ਮਲੇਛ ਭਾਸ਼ਾ ਮੰਨਦੇ, ਤਾਂ ਖਾਲਸਾ, ਫਤਹ, ਦੇਗ, ਤੇਗ ਅਤੇ ਦਸਤਾਰ ਆਦਿਕ ਸ਼ਬਦ ਕਦੀ ਨਾ ਵਰਤਦੇ ।

ਭਾਈ ਕਾਨ੍ਹ ਸਿੰਘ ਦਾ ਜਨਮ ੧੮੬੧ ਈ: ਵਿੱਚ ਹੋਇਆ । ਉਨ੍ਹਾਂ ਦਾ ਲਾਲਨ-ਪਾਲਨ ਬੜੇ ਚਾਵਾਂ-ਮਲ੍ਹਾਰਾਂ ਵਿੱਚ ਹੋਇਆ । ਇਹ ਨਿੱਘ ਅਤੇ ਨੇਹੁੰ ਵੱਡੇ ਪੁੱਤਰ ਅਤੇ ਪਹਿਲੇ ਬਚੇ ਦੀ ਸ਼ਾਨ ਦੇ ਅਨੁਕੂਲ ਹੋਇਆ । ਬਚਪਨ ਵਿੱਚ ਹੀ ਉਨ੍ਹਾਂ ਨੂੰ ਚੌਦਾਂ-ਵਿਦਿਆ-ਨਿਧਾਨ ਬਣਾਉਣ ਦਾ ਸੰਕਲਪ ਸਾਮ੍ਹਣੇ ਪ੍ਰਤੀਤ ਹੁੰਦਾ ਸੀ । ਸ਼ਾਇਦ ਕੁਦਰਤ ਮਾਪਿਆਂ ਨੂੰ ਉਲਾਰ ਦੇ ਕੇ ਬਾਲਕ ਕਾਨ੍ਹ ਸਿੰਘ ਦੇ ਭਵਿੱਖ ਦੇ ਵਿਕਾਸ ਦੀ ਰੇਖਾ ਗੂਹੜੀ ਕਰ ਰਹੀ ਸੀ । ਉਨ੍ਹੀਂ ਦਿਨੀਂ ਅੱਜ ਵਾਲੀ ਵਿਦਿਆ ਪ੍ਰਣਾਲੀ ਦੇ ਸਕੂਲ ਨਹੀਂ ਸੀ । ਜੇ ਸਕੂਲ ਹੁੰਦੇ, ਤਦ ਵੀ ਰਾਜ-ਦਰਬਾਰ ਵਿੱਚ ਮੰਨੇ-

ਪ੍ਰਮੰਨੇ ਪਰਿਵਾਰ ਦੀ ਸੰਤਾਨ ਹੋਣ ਦੇ ਨਾਤੇ, ਉਨ੍ਹਾਂ ਨੂੰ ਅਜਿਹੇ ਕਿਸੇ ਸਕੂਲ ਵਿੱਚ ਭੇਜਿਆ ਹੀ ਨਹੀਂ ਜਾਣਾ ਸੀ। ਕਾਨ੍ਹ ਸਿੰਘ ਲਈ ਸ਼੍ਰੇਸ਼ਟ ਤੋਂ ਸ਼੍ਰੇਸ਼ਟ ਉਸਤਾਦ ਭਾਲੇ ਗਏ।

ਉਨ੍ਹਾਂ ਦੀ ਵਿਦਿਆ ਦਾ ਮੁੱਢ ਗੁਰਬਾਣੀ ਸਿਖਾਉਣ ਤੋਂ ਕੀਤਾ ਗਿਆ। ਉਪਰੰਤ- ਸੰਸਕ੍ਰਿਤ, ਜੋਤਿਸ਼, ਵਿਆਕਰਣ ਆਦਿ, ਤੇ ਫਿਰ ਤੈਰਨਾ, ਘੋੜੇ ਦੀ ਸਵਾਰੀ, ਸੰਗੀਤ, ਕਾਵਿ- ਸ਼ਾਸਤਰ ਵੀ ਸਿਖਾਏ ਗਏ। ਫਾਰਸੀ ਸਿੱਖਣ ਦੀ ਭੁੱਖ ਉਨ੍ਹਾਂ ਨੂੰ ਦਿੱਲੀ ਅਤੇ ਲਖਨਊ ਲੈ ਗਈ। ਵਾਪਿਸ ਪਰਤ ਕੇ ਉਨ੍ਹਾਂ ਨੇ ਲਾਹੌਰ ਵਿੱਚ ਗੁ: ਡੇਹਰਾ ਸਾਹਿਬ ਦੇ ਭਾਈ ਸੰਤ ਸਿੰਘ ਪਾਸੋਂ ਜ਼ਫ਼ਰਨਾਮਾ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਦਾ ਪਰੰਪਰਾਗਤ ਵਿਧੀ ਅਨੁਸਾਰ ਅਧਿਐਨ ਕੀਤਾ ਤੇ ਚਿਕਿਤਸਾ ਆਦਿ ਵੀ ਸਿੱਖੇ। ਕਾਵਿ ਸ਼ਾਸਤਰ ਦਾ ਅਧਿਐਨ ਉਨ੍ਹਾਂ ਨੇ ਕਵੀ ਗਵਾਲ ਪਾਸੋਂ ਕੀਤਾ ਸੀ ਅਤੇ ਸੰਗੀਤ ਦਾ ਅਭਿਆਸ ਸੰਤ ਗੱਜਾ ਸਿੰਘ ਜੀ ਪਾਸੋਂ ਕੀਤਾ। ਇਹ ਭਾਰਤ ਦੇ ਚੋਣਵੇਂ ਤਾਊਸ ਦੇ ਮਾਹਿਰ ਹੋਏ ਹਨ।

ਰਹਿਣੀ-ਬਹਿਣੀ ਅਤੇ ਸਾਥ-ਸੰਗਤ ਦੇ ਪੱਖੋਂ ਭਾਈ ਕਾਨ੍ਹ ਸਿੰਘ ਜੀ ਦੀ ਜਵਾਨੀ ਦਾ ਯੁੱਗ ਬੇਦਾਗ ਹੀ ਨਹੀਂ, ਸਪੱਸ਼ਟ ਰੂਪ ਵਿੱਚ ਉਂਜਲ ਰਿਹਾ। ਸੰਗੀਤ ਦੀ ਸਿਖਿਆ ਨੇ ਉਸ ਨੂੰ ਜੀਵਨ ਦੀ ਲੈਅ ਅਤੇ ਗਤੀ ਸਮਤੋਲ ਰੱਖਣ ਦੀ ਜਾਚ ਸਿਖਾ ਦਿੱਤੀ ਸੀ ਅਤੇ ਦਰਬਾਰੀ ਵਾਤਾਵਰਨ ਦੀ ਪਕੜ ਨੇ ਜੀਵਨ ਦੇ ਨਕਸ਼ਾਂ ਨੂੰ ਸੁਆਰਣ-ਨਿਖਾਰਣ ਦਾ ਚੱਜ-ਆਚਾਰ ਸਮਝਾ ਦਿੱਤਾ ਸੀ। ਜਿੰਦਗੀ ਵਿੱਚ ਕਿਧਰੇ ਕਿਸੇ ਥੁੜ੍ਹ ਤੇ ਕਿਸੇ ਚਿੰਤਾ ਦਾ ਦਖਲ ਨਹੀਂ ਸੀ। ਪਰਿਵਾਰਕ ਜੀਵਨ ਵਿੱਚ ਦੋ ਜੀਵਨ-ਸਾਥਣਾਂ ਦਾ ਵਿਛੋੜਾ ਹੀ ਸਭ ਤੋਂ ਵੱਡੀ ਚੋਟ ਬਣ ਕੇ ਵਾਪਰਿਆ ਸੀ। ਘਰ ਵਿੱਚਲਾ ਵਾਤਾਵਰਣ ਹਰ ਪੱਖੋਂ ਸੁਖਾਵਾਂ ਅਤੇ ਸੁਹਾਵਾ ਬਣਿਆ ਰਿਹਾ। ਛੋਟੇ ਭਾਈ ਆਗਿਆਕਾਰ ਰਹੇ।

**ਭਾਈ ਕਾਨ੍ਹ ਸਿੰਘ ਵਿੱਚ ਆਜ਼ਾਦ ਜੀਣ, ਆਜ਼ਾਦ ਰਹਿਣ ਅਤੇ ਆਜ਼ਾਦ ਸੋਚਣ ਦੀ ਭੁੱਖ ਜ਼ਿੰਦਗੀ ਭਰ ਬਲਵਾਨ ਰਹੀ। 'ਹਮ ਹਿੰਦੂ ਨਹੀਂ' ਦੀ ਰਚਨਾ ਨੇ ਇੱਕ ਝੱਖੜ ਜਗਾ ਦਿੱਤਾ ਸੀ। ਝੂਠ, ਫਰੈਬ, ਛਲ ਗੱਲ ਕੀ ਕੋਈ ਹੱਥਕੰਡਾ ਅਜਿਹਾ ਬਾਕੀ ਨਹੀਂ ਰਿਹਾ, ਜੋ ਵਿਰੋਧੀਆਂ ਵੱਲੋਂ ਅਜ਼ਮਾਇਆ ਨਾ ਗਿਆ ਹੋਵੇ।** ਮਹਾਰਾਜਾ ਹੀਰਾ ਸਿੰਘ ਜਿਹਾ ਸਿਆਣਾ ਸ਼ਾਸਕ ਵੀ ਇਨ੍ਹਾਂ ਛਲ-ਕ੍ਰਿਆਵਾਂ ਦੇ ਪ੍ਰਭਾਵ ਅੱਗੇ ਬਿੜਕਣ ਤੋਂ ਨਹੀਂ ਬਚ ਸਕਿਆ ਸੀ। ਭਾਈ ਕਾਨ੍ਹ ਸਿੰਘ ਜੀ ਨੂੰ ਨੌਕਰੀ ਤੋਂ ਵੱਖਰਾ ਕਰਨਾ ਹੀ ਉਸ ਦੇ ਡੋਲਣ ਦਾ ਪ੍ਰਮਾਣ ਸੀ। ਇਸ ਮੌਕੇ ਵੀ ਕਾਨ੍ਹ ਸਿੰਘ ਨਿਧੜਕ, ਨਿਡਰ ਅਤੇ ਅਡੋਲ ਸਿੱਧ ਹੋਇਆ। ਭਾਵੇਂ ਉਨ੍ਹਾਂ ਨੂੰ ਨੌਕਰੀ ਤੋਂ ਜਵਾਬ ਮਿਲ ਗਿਆ ਪਰ ਉਹ ਝੁਕੇ ਜਾਂ ਪਛਤਾਏ ਨਹੀਂ। ਇਵੇਂ ਹੀ, ਮਈ, ੧੯੦੫ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ (ਜੋ ਭਾਈ ਕਾਨ੍ਹ ਸਿੰਘ ਦਾ ਨਿੱਜੀ ਮਿੱਤਰ ਵੀ ਸੀ) ਦਰਬਾਰ ਸਾਹਿਬ ਵਿਚੋਂ ਮੂਰਤੀਆਂ ਹਟਾਏ ਜਾਣ ਦੇ ਮਾਮਲੇ ਬਾਰੇ ਲਿਖਿਆ ਵਧਾਈ ਦਾ ਖਤ ਬਖੇੜੇ ਦਾ ਕਾਰਨ ਬਣਿਆ। ਤਦ ਮਹਾਰਾਜਾ ਹੀਰਾ ਸਿੰਘ ਇੱਕ ਵਾਰੀ ਮੁੜ ਠੱਗਾਂ ਦੇ ਹੱਥਾਂ ਵਿੱਚ ਖੇਲ ਗਿਆ। ਭਾਈ ਕਾਨ੍ਹ ਸਿੰਘ ਨੂੰ ਦੋਬਾਰਾ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ। ਤਦ ਵੀ ਉਹ ਸ਼ਾਂਤ ਰਿਹਾ।

ਮਹਾਰਾਜਾ ਰਿਪੁਦਮਨ ਸਿੰਘ ਨੇ ੧੯੧੧ ਈ. ਵਿੱਚ ਜਦੋਂ ਭਾਈ ਕਾਨ੍ਹ ਸਿੰਘ ਨੂੰ ਸਾਰੀ ਉਮਰ ਦੀ ਆਦਤ ਅਨੁਸਾਰ ਪਹਾੜਾਂ ਵਿੱਚ ਗਰਮੀਆਂ ਕੱਟਣ ਦੀ ਆਗਿਆ ਨਾ ਦਿੱਤੀ, ਤਦ ਉਸ ਨੇ ਆਪਣੀ ਨੌਕਰੀ ਨੂੰ ਠੋਕਰ ਮਾਰ ਕੇ ਚਲੇ ਜਾਣਾ ਉਚਿਤ ਸਮਝਿਆ। ਯਾਦ ਰਹੇ ਇਹ ਮਹਾਰਾਜਾ, ਭਾਈ ਕਾਨ੍ਹ ਸਿੰਘ ਦਾ ਸਭ ਤੋਂ ਬੜਾ ਪ੍ਰਸ਼ੰਸਕ ਸੀ ਕਿਉਂਕਿ ਮਹਾਰਾਜਾ ਰਿਪੁਦਮਨ ਸਿੰਘ ਜਿਸ ਸਮੇਂ ਕੇਵਲ ਚਾਰ ਸਾਲ ਦਾ ਬਾਲਕ ਸੀ, ਉਸ ਸਮੇਂ ਤੋਂ ਭਾਈ ਕਾਨ੍ਹ ਸਿੰਘ ਜੀ ਦੀ ਨਿਗਰਾਨੀ ਵਿੱਚ ਪੜ੍ਹਦਾ, ਪਲਦਾ ਰਿਹਾ ਸੀ। ਉਸਤਾਦੀ ਸ਼ਾਗਿਰਦੀ ਦਾ ਇਹ ਦੌਰ ਪੰਜ ਵਰ੍ਹੇ ਚੱਲਿਆ। ਇਸ ਅਹੁਦੇ ਤੋਂ ਵਿਹਲਿਆਂ ਹੋਣ ਤੇ ਭਾਈ ਕਾਨ੍ਹ ਸਿੰਘ ਨੂੰ ਮਹਾਰਾਜਾ ਹੀਰਾ ਸਿੰਘ ਨੇ ਆਪਣਾ ਨਿੱਜੀ ਸਕੱਤਰ ਥਾਪ ਲਿਆ। ਇੱਕ ਵਾਰੀ ਹੋਰ ਕਾਨ੍ਹ ਸਿੰਘ ਨੂੰ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਆਪਣੀ ਦੂਸਰੀ ਰਾਣੀ ਸਰੋਜਨੀ ਦੇਵੀ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਜ਼ੁਮੇਵਾਰੀ ੧੯੨੨ ਈ. ਵਿੱਚ ਸੌਂਪੀ ਗਈ। ਇਹ ਭਾਈ ਕਾਨ੍ਹ ਸਿੰਘ ਦੇ ਮਹਾਰਾਜਾ ਇਤਬਾਰੀ ਹੋਣ ਦਾ ਇੱਕ ਹੋਰ ਪ੍ਰਮਾਣ ਹੈ। ਇਸ ਬਾਰ ਨੌਕਰੀ ਛੱਡ ਜਾਣ ਨਾਲ ਭਾਈ ਕਾਨ੍ਹ ਸਿੰਘ ਨੇ **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼** ਲਿਖਣ ਦਾ ਕੰਮ ਅਰੰਭ ਲਿਆ। ਇਸ ਤੋਂ ਭਾਈ ਸਾਹਿਬ ਦੇ ਆਜ਼ਾਦ ਰਹਿਣ, ਆਜ਼ਾਦ ਸੋਚਣ ਦਾ ਮੋਹ ਉਜਾਗਰ ਹੁੰਦਾ ਹੈ। ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਕੋਸ਼ ਦੀ ਰਚਨਾ ਭਾਈ ਕਾਨ੍ਹ ਸਿੰਘ ਦਾ ਕਾਰਨਾਮਾ ਸਿੱਧ ਹੋ ਸਕੀ, ਜੋ ਉਨ੍ਹਾਂ ਦੀ ੨੯ ਸਾਲਾਂ ਦੀ ਨਿਰੰਤਰ ਮਿਹਨਤ ਦਾ ਸਿੱਟਾ ਹੈ।

ਭਾਈ ਕਾਨ੍ਹ ਸਿੰਘ ਨੇ ਇੱਕ ਸ਼ਰਾਰਤੀ ਬੰਦੇ ਨੂੰ ਮਹਾਰਾਜਾ ਹੀਰਾ ਸਿੰਘ ਦੀ ਅਰਦਲ ਵਿੱਚ ਰਖਵਾ ਦਿੱਤਾ। ਕੁਝ ਦਿਨਾਂ ਪਿੱਛੋਂ ਉਸ ਨੇ ਮਹਾਰਾਜੇ ਪਾਸ ਭਾਈ ਕਾਨ੍ਹ ਸਿੰਘ ਦੀਆਂ ਵੱਢਵੀਆਂ ਕਰਨੀਆਂ ਆਰੰਭ ਦਿੱਤੀਆਂ। ਮਹਾਰਾਜਾ ਸਭ ਕੁਝ ਜਾਣਦਾ ਸੀ। ਆਖਿਰ ਤੰਗ ਆ ਕੇ ਉਸ ਨਫ਼ਰ ਨੂੰ ਨੌਕਰੀ ਤੋਂ ਹਟਾ ਦਿੱਤਾ। ਭਾਈ ਕਾਨ੍ਹ ਸਿੰਘ ਨੇ ਮੁੜ ਉਸ ਦੀ ਸਿਫਾਰਿਸ਼ ਕੀਤੀ ਅਤੇ ਮਹਾਰਾਜੇ ਨੇ ਮੁੜ ਉਸ ਨੂੰ ਰੱਖ ਲਿਆ। ਇਸ ਵਾਰੀ ਉਸ ਨੇ ਮੁੜ ਨਵੀਆਂ ਸ਼ਿਕਾਇਤਾਂ ਘੜਨੀਆਂ ਆਰੰਭ ਲਈਆਂ, ਤਦ ਮੁੜ ਨੌਕਰੀ ਵਿੱਚੋਂ ਕੱਢਿਆ ਗਿਆ। ਇਸੇ ਤਰ੍ਹਾਂ ਤਿੰਨ ਵਾਰੀ ਮਹਾਰਾਜੇ ਨੇ ਰੱਖਿਆ ਅਤੇ ਕੱਢਿਆ। ਭਾਈ ਸਾਹਿਬ ਇਹੋ ਕਹਿੰਦੇ ਰਹੇ ਕਿ ਇਹ ਸ਼ਖਸ ਲੋੜਵੰਦ ਹੈ।

ਭਾਈ ਸਾਹਿਬ ਦਾ ਇੱਕ ਅਰਦਲੀ ਬੀਮਾਰ ਹੋ ਗਿਆ, ਕੁਝ ਦਿਨ ਨੌਕਰੀ ਨਿਭਾਉਣ ਨਾ ਆ ਸਕਿਆ, ਤਦ ਭਾਈ ਸਾਹਿਬ ਆਪ ਉਸ ਦੀ ਖ਼ਬਰ ਨੂੰ ਗਏ। ਉਸ ਦੇ ਘਰ ਦੀ ਤੰਗੀ-ਤੁਰਸ਼ੀ ਦੇਖ ਕੇ ਮਨ ਭਰ ਆਇਆ। ਆਪਣੇ ਖਰਚੇ ਨਾਲ ਉਸਦੀ ਦਵਾ-ਦਾਰੂ ਦਾ ਹੀ ਪ੍ਰਬੰਧ ਨਹੀਂ ਕੀਤਾ, ਸਗੋਂ ਇੱਕ ਸੇਵਾਦਾਰ ਵੀ ਉਸ ਦੀ ਸਹਾਇਤਾ ਲਈ ਭੇਜਿਆ ਅਤੇ ਜਦੋਂ ਤੱਕ ਉਹ ਠੀਕ ਨਾ ਹੋ ਗਿਆ, ਉਸ ਦੀ ਪਰਵਰਿਸ਼ ਕਰਦੇ-ਕਰਵਾਉਂਦੇ ਰਹੇ। ਉਹ ਵੀ ਅੰਤਲੇ ਦਿਨ ਤੱਕ ਭਾਈ ਸਾਹਿਬ ਦੀ ਸੇਵਾ ਤਨੋਂ-ਮਨੋਂ ਕਰਦਾ ਰਿਹਾ। ਉਹ ਬੜੇ ਸ਼ਾਹ-ਖਰਚ ਅਤੇ ਦਿਆਲੂ ਸਨ ਪਰ ਫਜ਼ੂਲ ਖਰਚੀ ਇੱਕ ਪੈਸੇ ਦੀ ਬਰਦਾਸ਼ਤ ਨਹੀਂ ਕਰਦੇ ਸਨ। ਹਿਸਾਬ ਪੈਸੇ-ਪੈਸੇ ਦਾ ਪੂਰਾ ਰੱਖਦੇ ਸਨ।

ਉੱਦਮ ਭਾਈ ਸਾਹਿਬ ਦੇ ਸੁਭਾਅ ਦਾ ਖਾਸ ਗੁਣ ਸੀ । ਨਾਭਾ ਦਰਬਾਰ ਦੇ ਜ਼ਬਤ ਹੋਏ ਇਲਾਕੇ ਬਹਾਲ ਕਰਵਾਉਣ ਦਾ ਮੁਕੱਦਮਾ, ਜੋ ਦੋ ਪੁਸ਼ਤਾਂ ਤੋਂ ਲਟਕਦਾ ਆ ਰਿਹਾ ਸੀ, ਆਪ ਨੇ ਉਸ ਦੀ ਪੈਰਵੀ ਇਸ ਲਗਨ ਨਾਲ ਕੀਤੀ ਕਿ ਗਵਰਨਰ ਜਰਨਲ ਦੇ ਏਜੰਟ ਕਰਨਾਲ ਡਨਲਪ ਸਮਿੱਥ ਨੇ ਮਹਾਰਾਜੇ ਨੂੰ ਲਿਖਿਆ :

**"ਮੇਰੇ ਮਨ ਵਿੱਚ ਸ੍ਰ: ਕਾਨ੍ਹ ਸਿੰਘ ਦਾ ਉਚੇ ਦਰਜੇ ਦਾ ਆਦਰ ਰਿਹਾ ਹੈ । ਮੈਨੂੰ ਫੂਲਕੀਆਂ ਰਿਆਸਤਾਂ ਵਿੱਚੋਂ ਕਿਸੇ ਦਾ ਹੋਰ ਕੋਈ ਅਹਿਲਕਾਰ ਅਜਿਹਾ ਕਦੇ ਨਹੀਂ ਮਿਲਿਆ, ਜਿਸ ਨੇ ਆਪਣੇ ਰਾਜੇ ਅਤੇ ਰਿਆਸਤ ਦੋਹਾਂ ਦੇ ਹਿਤਾਂ ਦੀ ਰਾਖੀ ਏਨੀ ਵਫਾਦਾਰੀ ਨਾਲ ਕੀਤੀ ਹੋਵੇ ।"** ਗੱਲ ਕੀ, ਉਹ ਇੱਕ ਆਦਰਸ਼ ਸੁਆਮੀ-ਭਗਤ ਸਨ ।

ਕੁਝ ਹਿੰਮਤੀ ਸਰਦਾਰਾਂ ਰਲ ਕੇ ਅੰਮ੍ਰਿਤਸਰ ਵਿੱਚ ਖਾਲਸਾ ਕਾਲਜ ਕਾਇਮ ਕਰ ਲਿਆ ਪਰ ਛੇਤੀ ਹੀ ਉੱਦਮ ਦੀ ਘਾਟ ਅਤੇ ਆਪਸੀ ਖਹਿਬੜ ਦੀ 'ਕਿਰਪਾ' ਨਾਲ ਕਾਲਜ ਦੀ ਆਰਥਕ-ਸਥਿਤੀ ਸੰਤੁਲਿਤ ਨਾ ਰਹਿ ਸਕੀ ਤੇ ਡਾਵਾਂ-ਡੋਲ ਹੋ ਗਈ । ਉਸ ਸਮੇਂ ਮਹਾਰਾਜਾ ਹੀਰਾ ਸਿੰਘ ਦੀ ਅਗਵਾਈ ਵਿੱਚ ਇੱਕ ਜਲਸਾ ਹੋਇਆ ਅਤੇ ਭਾਈ ਸਾਹਿਬ ਨੇ ਉਸ ਦੀ ਕਾਰਵਾਈ ਐਸੇ ਸੁਚੱਜੇ ਢੰਗ ਨਾਲ ਨਿਭਾਈ ਕਿ ਕਾਲਜ ਨੂੰ ਉਚਿਤ ਸਰਪ੍ਰਸਤੀ ਹਾਸਿਲ ਹੋ ਗਈ ਅਤੇ ਇਹ ਸੰਸਥਾ ਪਿਛਲੇ ਦਿਨੀਂ ਆਪਣੀ ਸ਼ਤਾਬਦੀ ਮਨਾ ਸਕਣ ਵਿੱਚ ਸਫਲ ਹੋ ਸਕੀ ਹੈ । ਮੁੜ ਕਦੇ ਇਸ ਕਾਲਜ ਨੂੰ ਕਿਸੇ ਪ੍ਰਕਾਰ ਆਰਥਕ ਤੰਗੀ ਦਾ ਮੂੰਹ ਨਹੀਂ ਦੇਖਣਾ ਪਿਆ ।

ਭਾਈ ਕਾਨ੍ਹ ਸਿੰਘ ਦਾ ਸੁਭਾਅ ਇੱਕ **ਉੱਤਮ ਦਰਸ਼ਕ** ਦਾ ਸੁਭਾਅ ਸੀ । ਉੱਤਮ ਦਰਸ਼ਕ ਉਹ ਹੁੰਦਾ ਹੈ, ਜੋ ਕਿਸੇ ਥਾਂ ਕਿਸੇ ਵਸਤੂ ਨੂੰ ਅੱਖਾਂ ਨਾਲ ਹੀ ਵੇਖ ਕੇ ਕੇਵਲ ਆਨੰਦ ਹੀ ਨਾ ਮਾਣੇ, ਉਸ ਥਾਂ, ਉਸ ਸ਼ੈ ਵਿਚਲੇ ਗੁਣ-ਦੋਸ਼ਾਂ ਨੂੰ ਵੀ ਪਛਾਣੇ ਅਤੇ ਉਨ੍ਹਾਂ ਗੁਣ-ਦੋਸ਼ਾਂ ਦੀ ਜਾਣਕਾਰੀ ਰਾਹੀਂ ਕੁਝ ਸਿੱਖਿਆ ਵੀ ਪ੍ਰਾਪਤ ਕਰੇ । ਏਟਨ ਦੇ ਜੁਆਲਾ-ਮੁੱਖੀ ਨੂੰ ਦੇਖ ਕੇ ਆਪ ਨੇ ਘਰ ਭੇਜੇ ਖਤ ਵਿੱਚ ਲਿਖਿਆ ਸੀ:

**ਇਸ ਪਹਾੜ ਨੂੰ ਸਮੁੰਦਰ ਵਿੱਚ ਰਹਿ ਕੇ ਭੀ ਅੱਗ ਲੱਗੀ ਹੋਈ ਹੈ, ਜਿਵੇਂ ਕੋਈ ਆਦਮੀ ਸਤਸੰਗ ਵਿੱਚ ਰਹਿ ਕੇ, ਅਠ ਪਹਿਰ ਕਥਾ ਕੀਰਤਨ ਕਰਦੇ ਅਤੇ ਸੁਣਦੇ ਭੀ ਆਪਣੇ ਮਨ ਦੀ ਵਿਕਾਰ-ਅਗਨੀ ਨੂੰ ਨਹੀਂ ਬੁਝਾ ਸਕਦੇ ਬਲਕਿ ਮਨ ਦੀ ਇੱਛਾ ਕ੍ਰੋਧ-ਅਗਨੀ ਨੂੰ ਇਤਨੀ ਭੜਕਾ ਦਿੰਦੀ ਹੈ ਕਿ ਜੇ ਕੋਈ ਉੱਠ ਕੇ ਨਮਸਕਾਰ ਨਾ ਕਰੇ ਜਾਂ ਪੈਂਦ ਬਿਠਾ ਲਵੇ ਤਾਂ ਲਾਲ ਨੇਤ੍ਰ ਕਰਕੇ ਕੁਬਚਨ ਰੂਪੀ ਧੂੰਆਂ ਮੁੱਖ ਤੋਂ ਉਗਲਣ ਲਗਦੇ ਹਨ ।**

ਭਾਈ ਕਾਨ੍ਹ ਸਿੰਘ ਦੇ ਵਿਅੰਗ-ਬਾਣਾਂ ਦੀ ਇਹ ਵਰਖਾ ਘਰੇਲੂ ਪ੍ਰਯੋਗ ਲਈ ਆਤਮ-ਗਲਾਨੀ ਅਥਵਾ ਕਿਸੇ  ਹੀਨ ਭਾਵਨਾ ਦਾ ਪ੍ਰਤਿਕਰਮ ਨਹੀਂ ਸੀ । ਉਸ ਸਭ ਦੇ ਹਿਤ ਦੀ ਸੋਚਦੇ ਸਭ ਦੇ ਹੀ ਕਾਰਜਾਂ ਬਾਰੇ ਆਪਣੀ ਸੁਤੰਤਰ ਰਾਇ ਰੱਖਦੇ ਸਨ, ਜਿੱਥੇ ਉਹ ਲੰਡਨ ਦੇ ਕੁੱਤਿਆਂ ਵਿੱਚ ਉੱਤਮ ਸ਼੍ਰਿਸ਼ਟਾਚਾਰ ਦਾ ਜ਼ਿਕਰ ਕਰਦੇ ਹਨ, ਉਸ ਦੇਸ਼ ਵਿੱਚ ਵੀ ਜੇਬਕਤਰਿਆਂ ਦੀ ਮੌਜੂਦਗੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਚੋਭੜਦੀ ਹੈ । ਉਹ ਚਿੜੀਆ-ਘਰ ਦੇ ਹਾਥੀਆਂ ਅਤੇ ਊਠਾਂ ਦੀ

ਦੁਰਦਸ਼ਾ ਤੋਂ ਵੀ ਮੋਨ ਨਹੀਂ ਰਹਿ ਸਕੇ । ਇਹ ਗੱਲ ਉਨ੍ਹਾਂ ਨੂੰ ਇੱਕ ਸਭਿਅ ਸਮਾਜ ਦੇ ਕਿਰਦਾਰ ਉੱਪਰ ਭੈੜਾ ਧੱਬਾ ਪ੍ਰਤੀਤ ਹੋਈ ਹੈ, ਜਿਸ ਦੀ ਉਹ ਪ੍ਰਸ਼ੰਸਾ ਨਹੀਂ ਕਰ ਸਕੇ ।

ਭਾਈ ਕਾਨ੍ਹ ਸਿੰਘ ਜਿੱਥੇ ਇੱਕ ਸੂਝਵਾਨ ਪੁਰਖ ਸਨ, ਉਹ ਇੱਕ ਰਾਜਮੀ ਅਹਿਲਕਾਰ ਵੀ ਸਨ । ਉਨ੍ਹਾਂ ਦੀ ਸ਼ਰਧਾ ਦੇ ਪਾਤਰ ਰਾਜੇ ਦੀ ਸ਼ਖ਼ਸੀਅਤ ਤੋਂ ਅਗੇਰੇ ਰਾਜ ਘਰਾਣੇ ਦੀ ਮਾਨ-ਮਰਿਆਦਾ ਨਾਲ ਵੀ ਜੁੜੀ ਸੀ । ਵਤਨ ਦਾ ਸੰਕਲਪ ਜੇਕਰ ਉਨ੍ਹਾਂ ਨੂੰ ਭਾਰਤ ਦੀ ਮਰਿਆਦਾ ਲਈ ਪੀੜਿਤ ਕਰਦਾ ਸੀ ਤਾਂ ਉਹ ਆਪਣੀ ਜੰਮਣ-ਭੂਮੀ ਦੀ ਮਾਨ-ਮਰਿਆਦਾ ਤੋਂ ਵੀ ਲਾਪਰਵਾਹ ਨਹੀਂ ਸੀ ਹੋ ਸਕਦੇ । ਆਪਣੇ ਜੀਵਨ ਦੇ ਅੰਤਲੇ ਦਿਨ ਵੀ ਉਹ ਸਮੇਂ ਦੇ ਏਜੰਟ ਗਵਰਨਰ ਜਨਰਲ ਨਾਲ ਆਪਣੀ ਚਿੰਤਾ ਰਾਜ-ਘਰਾਣੇ ਦੇ ਕੋਟ-ਆਫ-ਆਰਮਜ਼ ਵਿਚਲੀ ਭਾਵਨਾਤਮਕ ਪੰਗਤੀ ਵਿੱਚ ਅਕਾਰਨ ਦੀ ਤਬਦੀਲੀ ਸਹਾਰਨ ਨੂੰ ਤਿਆਰ ਨਹੀਂ ਸਨ । ਰਿਆਸਤਾਂ ਦੇ ਖਾਤਮੇ ਨੇ ਅੱਜ ਇਹ ਮਸਲਾ 'ਵਾਧੂ' ਕਰ ਦਿੱਤਾ ਹੈ ।

ਬਤੌਰ ਲੇਖਕ ਉਹ ਜੋ ਕੁਝ ਲਿਖਦੇ ਰਹੇ, ਉਹ ਉਨ੍ਹਾਂ ਦੀ ਆਪਣੀ ਵਿਉਂਤ ਅਨੁਸਾਰ ਸੀ । ਸਮੇਂ ਦੇ ਫੈਸ਼ਨ ਨਾਲ ਉਨ੍ਹਾਂ ਨੇ ਕਦੇ ਕੁਝ ਨਹੀਂ ਸੀ ਲਿਖਿਆ । ਇੱਕ ਵਿਚਿਤਰ ਗੱਲ ਇਹ ਹੈ ਕਿ ਉਨ੍ਹਾਂ ਦੀ ਪਹਿਲੀ ਰਚਨਾ ਤੋਂ ਅੰਤਲੀ ਰਚਨਾ ਤੱਕ ਇੱਕ ਨਿਰੰਤਰ ਚਿੰਤਨ-ਧਾਰਾ ਸਿੱਖ ਸਾਹਿੱਤ ਦੀ ਉੱਨਤੀ ਵੱਲ ਗਤੀਮਾਨ ਹੈ । ਪਹਿਲੀਆਂ ਰਚਨਾਵਾਂ ਅਗਲੀਆਂ ਰਚਨਾਵਾਂ ਦੀਆਂ ਪੂਰਕ ਸਿੱਧ ਹੋਇਆਂ । **ਅੱਜ ਦਾ ਕੋਈ ਸਿੱਖ-ਚਿੰਤਕ ਉਨ੍ਹਾਂ ਦੇ ਰਚੇ ਗੁਰਮਤਿ ਮਾਰਤੰਡ ਅਤੇ ਮਹਾਨ ਕੋਸ਼ (ਗੁਰ ਸ਼ਬਦ ਰਤਨਾਕਰ) ਨੂੰ ਵਰਤੇ ਬਿਨਾਂ ਆਪਣੀ ਗੱਲ ਪੂਰੀ ਕਰਨ ਵਿੱਚ ਸਮਰੱਥ ਨਹੀਂ।**

ਉਨ੍ਹਾਂ ਦੀ ਜ਼ਾਤੀ ਜ਼ਿੰਦਗੀ ਇੱਕ ਆਦਰਸ਼ ਵਿਦਵਾਨ ਦੀ ਜ਼ਿੰਦਗੀ ਰਹੀ । ਉਹ ਕਦੇ ਕਿਸੇ ਲੋਭ-ਲਾਲਚ, ਕਿਸੇ ਅਹੁਦੇ ਜਾਂ ਸਨਮਾਨ ਲਈ ਆਪਣੇ ਰਾਹ ਤੋਂ ਨਹੀਂ ਉੱਖੜੇ । ਗ੍ਰੰਥ ਰਚਨਾ ਉਨ੍ਹਾਂ ਲਈ ਇੱਕ ਕੁਰਬਾਨੀ, ਨਿਰੰਤਰ ਕੁਰਬਾਨੀ ਦਾ ਮਾਰਗ ਰਹੀ । ਕਿਸੇ ਕਦਮ ਤੇ ਵੀ ਉਨ੍ਹਾਂ ਨੇ ਆਪਣੀਆਂ ਲਿਖਤਾਂ ਤੋਂ ਕੋਈ ਲਾਭ ਨਹੀਂ ਉਠਾਇਆ । ਪਹਿਲੀਆਂ ਕੁਝ ਰਚਨਾਵਾਂ ਰਿਆਸਤ ਨਾਭਾ ਦੇ ਆਰਥਕ ਸਹਿਯੋਗ ਨਾਲ ਛਪੀਆ ਤਾਂ ਅੰਤਿਮ ਰਚਨਾ ਪਟਿਆਲਾ ਰਾਜ ਵੱਲੋਂ ਛਾਪੀ ਅਤੇ ਵੇਜੀ ਜਾਂਦੀ ਰਹੀ । ਭਾਈ ਕਾਨ੍ਹ ਸਿੰਘ ਹੁਰਾਂ ਦਾ ਆਪਣਾ ਕੋਈ ਪ੍ਰਕਾਸ਼ਨ ਕੇਂਦਰ ਨਾ ਬਣਿਆ ਨਾ ਕਿਸੇ ਪੁਸਤਕ ਦੀ ਵਿਕਰੀ ਤੋਂ ਕੋਈ ਆਰਥਕ ਲਾਭ ਹੀ ਉਨ੍ਹਾਂ ਨੂੰ ਪ੍ਰਾਪਤ ਹੋਇਆ ।

**ਭਾਈ ਕਾਨ੍ਹ ਸਿੰਘ ਦਾ ਜੀਵਨ ਘੜੀ ਵਾਂਗ ਸਦਾ ਨਿਯਮਤ ਟੋਰ ਟੁਰਨ ਦਾ ਆਦੀ ਸੀ । ਉਨ੍ਹਾਂ ਦਾ ਕੰਮ ਕਰਨ ਦਾ ਵੇਲਾ, ਖਾਣਾ ਖਾਣ ਦਾ ਵੇਲਾ, ਸੌਣ, ਜਾਗਣ ਅਤੇ ਸੈਰ ਕਰਨ ਦਾ ਵੇਲਾ, ਸਭ ਦੇ ਸਭ ਨਿਸ਼ਚਿਤ ਸਨ, ਕਦੇ ਉਨ੍ਹਾਂ ਵਿੱਚ ਫਰਕ ਆਉਣ ਦਾ ਮੌਕਾ ਉਨ੍ਹਾਂ ਨਹੀਂ ਉਪਜਣ ਦਿੱਤਾ । ਉਨ੍ਹਾਂ ਦੀ ਸਤਿਗੁਰੂ ਅੱਗੇ ਸਦਾ ਇਹੋ ਅਰਦਾਸ ਰਹਿੰਦੀ ਸੀ ਕਿ ਜਦੋਂ ਉਸ ਦਾ ਅੰਤ ਸਮਾਂ ਆਵੇ ਤਾਂ ਉਸ ਨੂੰ ਅੱਡੀਆਂ ਨਾ ਰਗੜਣੀਆਂ ਪੈਣ । ਕਿਹਾ ਜਾਂਦਾ ਹੈ ਕਿ ਗੁਰੂ ਆਪਣੇ ਸਿੱਖ ਦੀ ਹਰ ਬੇਨਤੀ ਮੰਨ ਲੈਂਦਾ ਹੈ, ਉਨ੍ਹਾਂ ਦੀ ਬੇਨਤੀ ਵੀ ਮੰਨੀ ਗਈ ਸੀ ।**

ਧੰਨਵਾਦਿ ਸਾਹਿਤ ਵਿਚੋਂ :- ਪ੍ਰਮੁੱਖ ਸਿੱਖ ਸ਼ਖ਼ਸੀਅਤਾਂ
ਐਸ. ਜੀ. ਪੀ. ਸੀ. ਅੰਮ੍ਰਿਤਸਰ

# ਗੁਰਬਾਣੀ ਵਿੱਚ ਜ਼ਾਤ-ਪਾਤ ਖੰਡਨ ਸੰਕਲਪ

**ਡਾ. ਸਰੂਪ ਸਿੰਘ ਅਲੱਗ**
ਪੀ. ਐਚ. ਡੀ., ਡੀ. ਲਿਟ. ਯੂ. ਐਸ. ਏ.

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥
ਸਾਰੰਗ (ਮ: ੧) ਅੰਗ੧੧੯੯

ਸਿੱਖ ਧਰਮ ਵਿੱਚ ਜ਼ਾਤ ਪਾਤ ਦਾ ਕੋਈ ਸਥਾਨ ਨਹੀਂ। ਗੁਰੂ ਸਾਹਿਬਾਨ ਦੇ ਉਦਮੀ ਕਾਰਨਾਮਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਵਾਹ ਲਗਦੇ ਇਸ ਭੇਦ-ਭਾਵ ਵਾਲੀ ਵਰਣ ਪ੍ਰਣਾਲੀ ਦਾ ਡਟ ਕੇ ਵਿਰੋਧ ਕੀਤਾ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨੇ ਇਸ ਪ੍ਰਥਾ ਨੂੰ ਸਖਤ ਸ਼ਬਦਾਂ ਵਿੱਚ ਨਕਾਰ ਕੇ ਭਾਰਤ ਵਿੱਚ ਸਦੀਆਂ ਤੋਂ ਚਲ ਰਹੀ ਇਸ ਅਮਾਨਵੀ ਵੰਡ ਨੂੰ ਜੜੋਂ ਉਖੇੜਨ ਦੇ ਦਲੇਰਾਨਾ ਪ੍ਰਯਤਨ ਕੀਤੇ। ਸਭ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਰਚੇਤਾ ਭਗਤਾਂ ਦਾ ਇਹੀ ਨਜ਼ਰੀਆ ਰਿਹਾ ਹੈ ਕਿ ਮਨੁੱਖ ਜ਼ਾਤ ਪਾਤ ਕਰਕੇ ਵੱਡਾ ਛੋਟਾ ਨਹੀਂ ਹੁੰਦਾ ਸਗੋਂ ਆਪਣੇ ਮਾੜੇ ਚੰਗੇ ਕਰਮਾਂ ਤੇ ਵਿਹਾਰਾਂ ਕਰਕੇ ਚੰਗਾ ਮਾੜਾ ਹੁੰਦਾ ਹੈ। ਸਭ ਕਾਰਜ ਗੁਰਬਾਣੀ ਦੀਆਂ ਨਜ਼ਰਾਂ ਵਿੱਚ ਸੁੱਚੇ ਹਨ, ਸਭ ਹੱਥ ਸੁੱਚੇ ਹਨ, ਉਹ ਸਾਰੀਆਂ ਸੋਚਾਂ ਸੁੱਚੀਆਂ ਹਨ ਜਿਨ੍ਹਾਂ ਨਾਲ ਭਰਾਤਰੀ ਭਾਵ ਵਿਕਸਤ ਹੁੰਦਾ ਹੋਵੇ ਤੇ ਇੱਕ ਮਨੁੱਖ ਦੂਜੇ ਨਾਲ ਆਪਸੀ ਪਿਆਰ, ਹਮਦਰਦੀ ਤੇ ਸਦਭਾਵਨਾ ਕਰਕੇ ਬੱਝਦਾ ਹੋਵੇ। ਜਦ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ, '**ਮਾਟੀ ਏਕ ਸਗਲ ਸੰਸਾਰਾ। ਬਹੁ ਬਿਧਿ ਭਾਂਡੇ ਘੜੈ ਕੁਮਾਰਾ**' (ਅੰਕ-੧੧੨੮) ਤਾਂ ਉਹ ਭਾਰਤ ਵਿੱਚ ਪ੍ਰਚਲਤ ਚਾਰ ਜਾਤਾਂ ਦੇ ਵਿਖਰੇਵਿਆਂ ਨੂੰ ਅਸਵੀਕਾਰ ਕਰਕੇ ਦੇਸ਼ ਕੌਮ ਦੀਆਂ ਹੱਦਾਂ ਟੱਪ ਕੇ ਸਾਰੇ ਮਨੁੱਖਾਂ ਦੀ ਗੱਲ ਕਰਦੇ ਹੋਏ ਬੜੀ ਸਹੀ ਸੋਝੀ ਕਰਾਉਂਦੇ ਹਨ ਕਿ ਸਾਰੇ ਸੰਸਾਰ ਦੇ ਮਨੁੱਖ ਇਕ ਸਮਾਨ ਹਨ, ਸਭ ਧਰਮਾਂ ਦੇ ਜੀਵ ਇੱਕ ਰੂਪ ਹਨ, ਕਿਧਰੇ ਵੀ ਕੋਈ ਭੇਦ ਭਾਵ ਨਹੀਂ, ਊਚ ਨੀਚ ਨਹੀਂ ਇਵੇਂ ਹੀ ਜਿਵੇਂ ਭਾਂਡੇ ਵੇਖਣ ਨੂੰ ਇੱਕ ਦੂਜੇ ਨਾਲੋਂ ਕੁਝ ਵੱਖਰੇ ਦਿੱਸਦੇ ਜ਼ਰੂਰ ਹਨ ਪਰ ਉਹ ਇਕੋ ਮਿੱਟੀ ਤੋਂ ਤੇ ਇਕੋ ਘੁਮਿਆਰ ਦੇ ਹੱਥਾਂ ਤੋਂ ਘੜੇ ਹੋਣ ਕਾਰਨ ਇੱਕੋ ਜਿਹੀ ਮਹੱਤਤਾ ਤੇ ਖੂਬੀ ਰੱਖਦੇ ਹਨ ਅਤੇ ਵੱਖ ਵੱਖ ਦਿਸਦੇ ਹੋਣ ਦੇ ਬਾਵਜੂਦ ਵੀ ਇੱਕ ਹੀ ਹਨ, ਬਿਲਕੁਲ ਇੱਕ ਸਮਾਨ।

ਜਦ ਗੁਰਬਾਣੀ '**ਏਕ ਪਿਤਾ ਏਕਸ ਕੇ ਹਮ ਬਾਰਿਕ**' ਦਾ ਉਪਦੇਸ਼ ਦਿੰਦੀ ਹੈ ਤਾਂ ਉਸ ਵਿੱਚ ਜ਼ਾਤ ਪਾਤ ਦੀ ਖਿੰਨ ਮਾਤਰ ਦੀ ਗੁੰਜਾਇਸ਼ ਨਹੀਂ ਰਹਿੰਦੀ। ਗੁਰਬਾਣੀ ਦੇ ਇਲਾਹੀ ਬਚਨ, '**ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ**' ਜ਼ਾਤ ਪਾਤ ਦੇ ਸਾਰੇ ਤੌਖਲੇ ਮਨਾਂ ਵਿਚੋਂ ਕੱਢ ਕੇ ਬਾਹਰ ਮਾਰਦੇ ਹਨ। ਰਹਿੰਦੀ ਕਸਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਹਿ ਕੇ ਪੂਰੀ ਕਰ ਦਿੱਤੀ ਹੈ ਕਿ :

ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ ॥
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥

ਉਨ੍ਹਾਂ ਨੇ ਤਾਂ ਸਾਰੀ ਮਨੁੱਖਾ ਨਸਲ ਦੀ ਹੀ ਇੱਕ ਜ਼ਾਤ ਬਣਾ ਕੇ ਉਸ ਦਾ ਦਾਇਰਾ ਸਾਰੀ ਕਾਇਨਾਤ ਜਿਤਨਾ ਵਿਸ਼ਾਲ ਕਰ ਦਿੱਤਾ। ਜ਼ਾਤ ਪਾਤ ਦੀਆਂ ਵੰਡੀਆ ਮਟੇਣ ਕਾਰਨ ਉਨ੍ਹਾਂ ਨੇ ਅਨੇਕਾਂ ਅਮਲੀ ਕਾਰਨਾਮੇ ਵੀ ਕੀਤੇ। ਹਰ ਵਰਨ, ਹਰ ਧਰਮ ਦੇ ਅਭਿਲਾਸ਼ੀ ਨੂੰ ਇਕੋ ਖੰਡੇ ਬਾਟੇ ਦਾ ਅੰਮ੍ਰਿਤ ਇਕੋ ਬਾਟੇ ਵਿੱਚ ਛਕਾ ਕੇ ਸਾਰੀਆਂ ਜ਼ਾਤ-ਪਾਤੀ ਵੰਡੀਆਂ ਦੀਆਂ ਜ਼ੰਜੀਰਾਂ

ਤੋੜ ਕੇ ਉਨ੍ਹਾਂ ਦੀਆਂ ਕੜੀਆਂ ਤੇ ਲੜੀਆਂ ਖੇਰੂੰ ਕਰ ਦਿੱਤੀਆਂ । ਰਹਿਤਨਾਮਿਆਂ, ਹਦਾਇਤਨਾਮਿਆਂ ਅਤੇ ਜ਼ਿੰਦਗੀ ਨਾਮਿਆਂ ਵਿੱਚ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਕਿ ਗੁਰੂ ਦਾ ਸਿੱਖ ਆਪਸ ਵਿੱਚ ਜ਼ਾਤ ਪਾਤ ਦਾ ਜ਼ਿਕਰ ਤੱਕ ਨਹੀਂ ਕਰੇਗਾ । ਸ਼ਾਇਦ ਇਹੀ ਕਾਰਨ ਹੈ ਕਿ ਬੰਗਾਲ ਪ੍ਰਾਂਤ ਦੇ ਉੱਚ ਕੋਟੀ ਦੇ ਵਿਦਵਾਨ ਸਵਾਮੀ ਮਹੇਸ਼ਵਰਾ ਨੰਦ ਮਹਾਂ ਮੰਡਲੇਸ਼ਵਰ ਆਪਣੀ ਸੰਸਕ੍ਰਿਤ ਵਿੱਚ ਲਿਖੀ ਪੁਸਤਕ 'ਚਤੁਰ ਵਰਣਨਯ ਭਾਰਤ ਸਮੀਕਸ਼ਾ' ਵਿੱਚ ਜ਼ਾਤ ਪਾਤ ਦਾ ਡੱਟਵਾਂ ਵਿਰੋਧ ਕਰਕੇ ਭਾਰਤ ਦੀ ਮੰਦਹਾਲੀ ਦਾ ਕਾਰਨ ਵੀ ਵਰਣ ਵੰਡ ਦੇ ਮੱਥੇ ਮੜ੍ਹਦੇ ਹਨ । ਇਸੇ ਪੁਸਤਕ ਵਿੱਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅੰਮ੍ਰਿਤ ਪਾਨ ਕਰਵਾ ਕੇ ਜ਼ਾਤ ਪਾਤ ਦੇ ਕਲੰਕ ਨੂੰ ਖਤਮ ਕਰਨ ਦੀ ਵਿਵਸਥਾ ਤੇ ਤਸੱਲੀ ਤੇ ਸੰਤੋਖ ਪ੍ਰਗਟਾਉਂਦਿਆਂ ਹੋਇਆਂ ਲਿਖਿਆ ਹੈ ਕਿ, 'ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਮਾਲ ਕਰ ਦਿੱਤੀ, ਚਾਰੇ ਵਰਣਾਂ ਜ਼ਾਤਾਂ ਦੇ ਭਿੰਨ ਭਿੰਨ ਵਿਆਕਤੀਆਂ ਨੂੰ ਇਕੋ ਬਾਟੇ ਵਿੱਚ ਅੰਮ੍ਰਿਤ ਛਕਾ ਦਿੱਤਾ ਅਤੇ 'ਖ਼ਾਲਸਾ' ਨਾਮ ਵਾਲੇ ਅਤਿ ਨਵੀਨ ਪਰਮ ਉਦਾਰ ਖ਼ਾਲਸਾ ਪੰਥ ਦਾ ਨਿਰਮਾਣ ਕੀਤਾ ।'

**ਗੁਰੂ ਘਰ ਜਨਮ ਤੁਮਾਰੇ ਹੋਏ, ਪਿਛਲੇ ਜਾਤਿ ਵਰਣ ਸਭ ਖੋਏ**......

'ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਇੱਕ ਇੱਕ ਸਿੱਖ ਵਿੱਚ ਆਪਣੇ ਯਥਾਰਥ ਉਪਦੇਸ਼ਾਂ ਰਾਹੀਂ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਇਨ੍ਹਾਂ ਚਾਰਾਂ ਦੇ ਗਿਆਨ, ਬਲ, ਧਨ ਸੰਗ੍ਰਹਿ ਅਤੇ ਸੇਵਾ ਆਦਿ ਸਦ ਗੁਣਾਂ ਨੂੰ ਸਥਾਪਨ ਕਰ ਦਿੱਤਾ ।' ਸਵਾਮੀ ਦੀ ਉਕਤ ਲਿਖਤ, ਜ਼ਾਤ ਪਾਤ ਬਾਰੇ ਗੁਰੂ ਸਾਹਿਬਾਨ ਤੇ ਗੁਰਬਾਣੀ ਦੁਆਰਾ ਕੀਤੇ ਖੰਡਨ ਦੀ ਸੁਹਣੀ ਤਸਵੀਰ ਪੇਸ਼ ਕਰਦੀ ਹੈ । ਗੁਰਬਾਣੀ ਤਾਂ ਮਨੁੱਖ ਦੀ ਸੁਹਿਰਦਤਾ ਨੂੰ ਹੋਰ ਨਿਰਮਲ ਤੇ ਕੋਮਲ ਬਣਾਉਂਦੀ ਹੈ ਜਦ ਉਹ ਇਹ ਉਪਦੇਸ਼ ਦੰਦੀ ਹੈ ਕਿ :

**ਸਭੇ ਸਾਝੀਵਾਲ ਸਦਾਇਨਿ**
**ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ ਮਾਝ (ਮਃ ੫) – ਅੰਗ ੯੭**

ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਮਨੁੱਖੀ ਸਾਂਝੀਵਾਲਤਾ ਤੇ ਆਪਸੀ ਬਰਾਬਰੀ ਦੇ ਅਲੰਬਰਦਾਰ ਹਨ । ਉਨ੍ਹਾਂ ਨੇ ਤਾਂ ਹਰਿਮੰਦਰ ਸਾਹਿਬ ਦੀ ਨੀਂਹ ਵੀ ਇੱਕ ਦਰਵੇਸ਼ ਮੁਸਲਮਾਨ ਖੁਦਾਪ੍ਰਸਤ ਇਨਸਾਨ ਸਾਈਂ ਮੀਆਂ ਮੀਰ ਤੋਂ ਰਖਵਾਈ । ਗੁਰੂ ਗ੍ਰੰਥ ਸਾਹਿਬ ਵਿੱਚ 30 ਗ਼ੈਰ-ਸਿੱਖ ਪ੍ਰੇਮੀਆਂ ਦੀ ਬਾਣੀ 6 ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨਾਲ ਦਰਜ ਕਰਕੇ ਹਰ ਕਿਸਮ ਦੇ ਊਚ-ਨੀਚ ਦੇ ਭੇਦ ਭਾਵਾਂ ਨੂੰ ਸਦਾ ਸਦਾ ਲਈ ਅਮਲੀ ਰੂਪ ਵਿੱਚ ਮਿਟਾ ਕੇ ਵਿਖਾ ਦਿੱਤਾ ਅਤੇ ਸਾਰੀ ਮਨੁੱਖ ਜਾਤੀ ਨੂੰ ਹਰ ਲਿਹਾਜ਼ ਨਾਲ ਇੱਕ ਸਮਾਨ ਕਰਨ ਦਾ ਕ੍ਰਿਸ਼ਮਾ ਕਰ ਵਿਖਾਇਆ । ਉਨ੍ਹਾਂ ਦਾ ਫਰਮਾਣ ਹੈ :

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥**
**ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ**
**ਘਟਿ ਘਟਿ ਨਾਨਕ ਮਾਝਾ ॥੪॥੩॥੫੦॥**

**– ਸੂਹੀ (ਮਃ ੫) – ਅੰਗ ੭੪੭**

ਕਿਤਨੀ ਦਲੇਰੀ ਭਰੀ ਤੇ ਸਪੱਸ਼ਟ ਗੱਲ ਹੈ ਕਿ ਗੁਰਬਾਣੀ ਦਾ ਉਪਦੇਸ਼ ਕਿਸੇ ਇੱਕ ਫਿਰਕੇ, ਤਬਕੇ ਜਾਂ ਵਰਣ ਲਈ ਨਹੀਂ ਹੈ, ਇਹ ਉਪਦੇਸ਼ ਤਾਂ ਚਾਰੇ ਜਾਤੀਆਂ ਲਈ ਸਾਂਝਾ ਹੈ,

ਸਾਰੀ ਮਨੁੱਖਤਾ ਲਈ ਸਾਂਝਾ ਹੈ, ਕੁਲ ਮਖਲੂਕਾਤ ਲਈ ਸਾਂਝਾ ਹੈ। ਗੁਰੂ ਨਾਨਕ ਸਾਹਿਬ ਦਾ ਇਸ ਵਿਸ਼ੇ ਤੇ ਫਰਮਾਨ ਹੈ:

**ਜਾਣਹੁ ਜੋਤਿ ਨ ਪੂਛਹੁ ਜਾਤੀ**
**ਆਗੈ ਜਾਤਿ ਨ ਹੇ ॥੧॥ ਰਹਾਉ ॥ ਆਸਾ (ਮ: ੧) - ਅੰਗ ੩੪੯**

ਭਾਵ ਇਹ ਕਿ ਜੋਤ ਦੀ ਪਛਾਣ ਕਰੋ, ਜ਼ਾਤ ਪਾਤ ਦੇ ਝੰਜਟਾਂ ਵਿੱਚ ਨਾ ਪਵੋ ਕਿਉਂਕਿ ਅੱਗੇ ਪ੍ਰਲੋਕ ਵਿੱਚ ਕੋਈ ਜ਼ਾਤ ਨਹੀਂ। ਇਹ ਮਨੁੱਖ ਦੀਆਂ ਪਾਈਆਂ ਫਰੇਬ ਵੰਡੀਆਂ ਹਨ ਜਿਨ੍ਹਾਂ ਦਾ ਮਕਸਦ ਦੂਜੇ ਦਾ ਸ਼ੋਸ਼ਣ ਹੈ, ਲੁਟ-ਖਸੁਟ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਹਦਾਇਤ ਮਿਲਦੀ ਹੈ ਜਿਸ ਨੂੰ ਰੋਜ਼ ਤਾਜ਼ਾ ਦਮ ਰੱਖਣ ਦੀ ਤਾਕੀਦ ਹੈ:

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥**
**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥**
**ਆਸਾ ਕੀ ਵਾਰ (ਮ: ੧)ਅੰਗ ੪੬੯**

ਵਾਹਿਗੁਰੂ ਦੇ ਦਰਬਾਰ ਵਿੱਚ ਜ਼ਾਤ ਪਾਤ ਦੇ ਅਧਾਰ ਤੇ ਨਬੇੜੇ ਨਹੀਂ ਹੋਣੇ, ਉਥੇ ਤਾਂ ਅਮਲ ਪਛਾਣੇ ਜਾਣੇ ਹਨ। ਉਥੇ ਮਨੁੱਖੀ ਸਰੀਰ ਦਾ ਵੀ ਕੋਈ ਲਿਹਾਜ਼ ਨਹੀਂ ਇਹ ਬਾਦਸ਼ਾਹ ਦਾ ਸਰੀਰ ਹੈ ਜਾਂ ਧਨਾਢ੍ਹ ਦਾ ਸਰੀਰ ਹੈ, ਬ੍ਰਾਹਮਣ ਦਾ ਸਰੀਰ ਹੈ ਜਾਂ ਸੂਰਮੇ ਖੱਤਰੀ ਦਾ ਸਰੀਰ ਹੈ। ਸਰੀਰ ਦੀ ਖੇਡ ਤਾਂ ਇਥੇ ਹੀ ਮੁਕ ਜਾਂਦੀ ਹੈ ਤੇ ਉਹ ਤਾਂ ਮੌਤ ਦੇ ਨਾਲ ਹੀ ਮਿੱਟੀ ਵਿੱਚ ਸਮਾਅ ਜਾਂਦਾ ਹੈ :

**ਦੇਹੀ ਜਾਤਿ ਨ ਆਗੈ ਜਾਏ ॥**
**ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥ ਮਾਝ (ਮ: ੩) - ਅੰਗ ੧੧੨**

ਪ੍ਰਭਾਤੀ ਰਾਗ ਵਿੱਚ ਤੀਜੇ ਪਾਤਸ਼ਾਹ ਇਸੇ ਗੱਲ ਨੂੰ ਇੱਕ ਹੋਰ ਪੰਗਤੀ ਰਾਹੀਂ ਬਖਾਨ ਕਰਦੇ ਹਨ :

**ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਪ੍ਰਭਾਤੀ (ਮ: ੩) - ਅੰਗ ੧੩੪੬**

ਇਸ ਲਈ ਗੁਰਬਾਣੀ ਸੰਦੇਸ਼ ਅਨੁਸਾਰ ਦੇਹੀ ਨੂੰ ਰਿਸ਼ਟ-ਪੁਸ਼ਟ ਰੱਖਣ ਤੇ ਸੰਵਾਰਨ ਨਾਲ ਗੱਲ ਨਹੀਂ ਬਣਨੀ ਅਤੇ ਨਾ ਹੀ ਜ਼ਾਤ ਦੇ ਅਭਿਮਾਨ ਨੂੰ ਵਧਾਉਣ ਨਾਲ ਹੀ ਮਹਾਨ ਪ੍ਰਭੂ ਦੀ ਦਰਗਾਹ ਵਿੱਚ ਰਸਾਈ ਹੋ ਸਕਣੀ ਹੈ। ਉਥੇ ਰਸਾਈ ਪਾਉਣ ਲਈ ਤਾਂ ਜਾਤ, ਅਜਾਤ ਦੀ ਗੱਲ ਨੂੰ ਤਿਲਾਂਜਲੀ ਦੇ ਕੇ ਸੱਚੇ ਦਿਲੋਂ ਨਾਮ ਧਿਆਉਣ, ਸੇਵਾ ਤੇ ਸਿਮਰਨ ਕਰਨ ਦੇ ਅਮਲ ਨੂੰ ਅਪਨਾਉਣਾ ਪਵੇਗਾ।

**ਜਾਤਿ ਅਜਾਤਿ ਨਾਮੁ ਜਿਨ ਧਿਆਇਆ**
**ਤਿਨ ਪਰਮ ਪਦਾਰਥੁ ਪਾਇਆ ॥ ਵਡਹੰਸ (ਮ: ੪) - ਅੰਗ ੫੭੪**

ਗੁਰਬਾਣੀ ਦੇ ਇਸ ਉਕਤ ਇਨਕਲਾਬੀ ਬਿਆਨ ਨੇ ਹਰ ਕਿਸੇ ਲਈ ਅਕਾਲਪੁਰਖ ਦੀ ਰਸਾਈ ਪਾਉਣੀ ਸੰਭਵ ਬਣਾ ਦਿੱਤੀ ਜਦ ਕਿ ਪ੍ਰਚਲਤ ਪ੍ਰਥਾ ਅਨੁਸਾਰ ਪ੍ਰਭੂ ਧਿਆਉਣ ਦਾ ਕਾਰਜ ਕੇਵਲ ਬ੍ਰਾਹਮਣਾਂ ਦੀ ਹੀ ਹਸਤੀ ਨਾਲ ਸਬੰਧਤ ਸਮਝਿਆ ਜਾਂਦਾ ਰਿਹਾ। ਕਬੀਰ ਸਾਹਿਬ ਨੇ ਬ੍ਰਾਹਮਣ

ਦੀ ਵਡਿਤਣ ਨੂੰ ਲਲਕਾਰਦਿਆਂ ਫਰਮਾਇਆ ਕਿ ਜੇ ਉਹ ਹੀ ਪਰਮ ਸ੍ਰੇਸ਼ਠ ਹੈ ਤਾਂ ਉਹ ਇਵੇਂ ਕਿਉਂ ਜੰਮਿਆ ਹੈ ਜਿਵੇਂ ਦੂਜੇ ਗਰੀਬ ਕਮਜ਼ੋਰ ਜੰਮੇ ਹਨ ? ਉਸ ਨੂੰ ਕਿਸੇ ਦੂਸਰੇ ਵਿਸ਼ੇਸ਼ ਰਸਤੇ ਰਾਹੀਂ ਆਉਣਾ ਚਾਹੀਦਾ ਸੀ। ਸਾਡੇ ਤੇ ਉਹਦੇ ਵਿੱਚ ਫਰਕ ਕੀ ਹੈ ? ਕੀ ਸਾਡੀਆਂ ਨਾੜੀਆਂ ਵਿੱਚ ਉਸ ਦੀਆਂ ਨਾੜੀਆਂ ਵਾਂਗ ਲਹੂ ਨਹੀਂ ਚਲਦਾ ? ਅਸੀਂ ਉਸ ਦੀ ਵਡਿਤਣ ਨੂੰ ਨਹੀਂ ਮੰਨਦੇ। ਭਗਤੀ ਹਰ ਕੋਈ ਕਰ ਸਕਦਾ ਹੈ। ਇਹ ਬ੍ਰਾਹਮਣ ਦਾ ਹੀ ਅਧਿਕਾਰ ਨਹੀਂ, ਹਰ ਕੋਈ ਇਸ ਤੋਂ ਲਾਭ ਪ੍ਰਾਪਤ ਕਰਕੇ ਆਪਣਾ ਅੱਗਾ ਸਵਾਰ ਸਕਦਾ ਹੈ। ਨਾਮ ਜਪਣ ਲਈ ਜ਼ਾਤ ਅਤੇ ਅਜ਼ਾਤ ਕਿਸੇ ਕਿਸਮ ਦੀ ਰੁਕਾਵਟ ਪੈਦਾ ਨਹੀਂ ਕਰਦੀਆਂ ਸਗੋਂ ਕਬੀਰ ਸਾਹਿਬ ਤਾਂ ਆਪਣੀ ਨੀਵੀਂ ਜਾਤ ਤੇ ਇਸ ਗੱਲੋਂ ਮਾਣ ਕਰਦੇ ਹਨ ਕਿ:

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥**
**ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥**
**ਸਲੋਕ (ਭ. ਕਬੀਰ) - ਅੰਗ ੧੩੬੪**

ਗੁਰਬਾਣੀ ਵਿੱਚ ਤਾਂ ਥਾਂ ਪਰ ਥਾਂ ਹਲੀਮੀ, ਨਿਮਰਤਾ, ਹਮਦਰਦੀ, ਦੂਜੇ ਪ੍ਰਤੀ ਸਨੇਹ, ਪਿਆਰ ਤੇ ਸਦਭਾਵਨਾ ਦੇ ਉਪਦੇਸ਼ ਮਿਲਦੇ ਹਨ। ਗੁਰਬਾਣੀ ਵਿੱਚ ਵਿਸ਼ਵਾਸ ਰੱਖਣ ਵਾਲਾ ਊਚ ਨੀਚ, ਭੇਦ ਭਾਵ, ਜ਼ਾਤ ਪਾਤ, ਭਰਮ ਵਹਿਮ ਦੇ ਝੰਜਟਾਂ ਤੋਂ ਬਿਲਕੁਲ ਮੁਕਤ ਤੇ ਬੇਨਿਆਜ਼ ਹੈ। ਹੁਕਮ ਹੈ :

**ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥ - ਭੈਰਉ (ਮਃ ੩) - ਅੰਗ ੧੧੨੭**

ਤੀਜੇ ਪਾਤਸ਼ਾਹ ਹੋਰ ਸਖਤ ਸ਼ਬਦਾਂ ਵਿੱਚ ਗੁਰਬਾਣੀ ਰਾਹੀਂ ਇਸ ਵਿਸ਼ੇ ਤੇ ਇਵੇਂ ਫਰਮਾਉਂਦੇ ਹਨ:

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥**
**ਭੈਰਉ (ਮਃ ੩)ਅੰਗ ੧੧੨੮**

ਇਸ ਜ਼ਾਤ ਪਾਤ ਦੇ ਅਭਿਮਾਨ ਵਿੱਚ ਆ ਕੇ ਮਨੁੱਖ ਫਜ਼ੂਲ ਵਿੱਚ ਗੁਰਬਾਣੀ ਦੇ ਨਿਰਮਲ ਮਾਰਗ ਤੋਂ ਭਟਕ ਕੇ ਹਉਮੈ ਦੇ ਵਕਾਰੀ ਖੇਤਰ ਦੀ ਦਲਦਲ ਵਿੱਚ ਜਾ ਫਸਦਾ ਹੈ ਜਿਸ ਨਾਲ ਉਸ ਦੇ ਪਾਰ ਉਤਾਰੇ ਦੇ ਸਾਰੇ ਰਾਹ ਬੰਦ ਹੋ ਜਾਂਦੇ ਹਨ। ਗੁਰੂ ਵੱਲ ਪਿੱਠ ਕਰਕੇ ਜਗਤ ਵਿੱਚ ਮਿਲੇ ਮਾਣ ਵਡਿਆਈਆਂ ਤੇ ਆਦਰ ਸਤਿਕਾਰ ਵਿੱਚ ਗਰੱਸਿਆ ਮਨੁੱਖ ਗੁਰੂ ਦਾ ਅਸਲ ਸੇਵਕ ਨਹੀਂ ਅਖਵਾ ਸਕਦਾ : '**ਮਾਨ ਅਭਿਮਾਨ ਮੰਧੇ ਸੋ ਸੇਵਕ ਨਾਹੀ**'। ਸੱਚਾ ਸੇਵਕ ਉਹ ਹੈ ਜੋ ਇਸ ਜ਼ਾਤ ਪਾਤ ਦੇ ਨੀਚ ਬੰਧਨਾਂ ਤੋਂ ਅਜ਼ਾਦ ਹੋ ਕੇ ਉਸ ਪ੍ਰਮਾਤਮਾ ਦੀ ਪਵਿੱਤਰ ਹਸਤੀ ਨਾਲ ਜੁੜਿਆ ਹੋਇਆ ਹੈ। ਫਰਮਾਨ ਹੈ:

**ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥**
**ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥**
**ਆਸਾ (ਮਃ ੩) ਅੰਗ ੪੨੬**

ਗੁਰੂ ਨਾਨਕ ਸਾਹਿਬ ਨੇ ਤਾਂ ਮਾੜੀ ਜਾਤ ਵਾਲਾ ਕੇਵਲ ਉਸਨੂੰ ਹੀ ਕਿਹਾ ਹੈ ਜਿਹੜਾ ਖਸਮ ਨੂੰ ਵਿਸਾਰਦਾ ਹੈ।

**ਖਸਮੁ ਵਿਸਾਰਹਿ ਤੇ ਕਮਜਾਤਿ ॥ ਅੰਕ-੧੦**

ਜੇ ਉਹ ਸੇਵਕ ਹੈ, ਪ੍ਰਭੂ ਭਗਤ ਹੈ ਤਾਂ ਉਹ ਮਾੜੀ ਜ਼ਾਤ ਦਾ ਕਿਵੇਂ ਹੋ ਸਕਦਾ ਹੈ ਪਰ ਜੇ ਉਹ ਮਾਨਵ ਸੇਵਕ ਨਹੀਂ ਤਾਂ ਉਸਦੀ ਸੇਵਾ ਵੀ ਸੇਵਾ ਨਹੀਂ ਤੇ ਸੇਵਾ ਤੋਂ ਬਿਨਾ ਨਿਮਰਤਾ, ਹਲੀਮੀ, ਬਰਾਬਰੀ ਤੇ ਆਪਸੀ ਪਿਆਰ ਫਲੀ ਭੂਤ ਹੀ ਨਹੀਂ ਹੁੰਦਾ। ਇਸ ਲਈ ਰੱਬ ਦੇ ਸਨਮੁੱਖ ਹੋਣ ਲਈ ਵੱਡੀ ਜ਼ਾਤ ਜਾਂ ਕੁਲ ਦਾ ਹੋਣਾ ਜ਼ਰੂਰੀ ਨਹੀਂ ਕਿਉਂਕਿ ਵਾਹਿਗੁਰੂ ਦੀਆਂ ਨਜ਼ਾਰਾਂ ਵਿੱਚ ਇਹ ਕੋਈ ਕਸਵੱਟੀ ਨਹੀਂ, ਮਾਪ ਦੰਡ ਵੀ ਨਹੀਂ, ਉਸ ਦੀ ਤਾਂ ਖੇਡ ਹੀ ਨਿਰਾਲੀ ਹੈ। ਖੇਡ ਕੀ ਹੈ ? '**ਨਿਵੈ ਸੁ ਗਉਰਾ ਹੋਇ**' ਰੱਬ ਜੇ ਚਾਹੇ ਤਾਂ ਆਪਣੀ ਅਪਾਰ ਦ੍ਰਿਸ਼ਟੀ ਤੇ ਨਦਰਿ ਸਦਕਾ ਜਿਸ ਨੂੰ ਚਾਹੇ ਵੱਡਾ ਕਰ ਸਕਦਾ ਹੈ। ਕੋਈ ਜ਼ਾਤ, ਰੰਗ, ਰੂਪ, ਉਮਰ, ਇਲਮ ਉਸ ਦੀ ਕਰਮ-ਫਰਮਾਈ ਵਿੱਚ ਰੁਕਾਵਟ ਨਹੀਂ ਪਾ ਸਕਦਾ। ਗੁਰਬਾਣੀ ਵਿੱਚ ਹੁਕਮ ਹੈ :

**ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥**
**ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥**
**ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥**
**ਸਿਰੀਰਾਗੁ (ਮਃ ੧)ਅੰਗ ਪ੩**

ਜਿਸ ਨੂੰ ਅਕਾਲਪੁਰਖ ਆਪਣੇ ਹੁਕਮ ਵਿੱਚ ਸੰਵਾਰ ਲੈਂਦਾ ਹੈ, ਆਪਣਾ ਲੈਂਦਾ ਹੈ, ਆਪਣਾ ਲੈਂਦਾ ਹੈ ਤਦ ਉਸ ਦੇ ਪਾਰ ਉਤਾਰੇ ਵਿੱਚ ਖਿੰਨ ਭਰ ਦਾ ਵੀ ਸਮਾਂ ਨਹੀਂ ਲੱਗਦਾ। ਉਸ ਹਾਲਤ ਵਿੱਚ ਉਸ ਦੀ ਜ਼ਾਤ ਪਾਤ ਦੀ ਦਖਲ-ਅੰਦਾਜ਼ੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਗੁਰਬਾਣੀ ਅਨੁਸਾਰ ਸਾਰੀ ਮਨੁੱਖਤਾ ਦੀ ਇਕੋ ਜਾਤ ਹੈ, ਇਕੋ ਧਰਮ ਹੈ। **ਵੰਡੀਆਂ ਪਾਉਣ ਵਾਲੇ ਪ੍ਰਮਾਤਮਾ ਦੇ ਨਿਯਮ ਵਿੱਚ ਵਿਘਨ ਪਾਉਣ ਵਾਲੇ ਹਨ ਤੇ ਇਸ ਕਰ ਕੇ ਉਹ ਉਸ ਦੇ ਉਪਾਸ਼ਕ ਨਹੀਂ, ਸ਼ਰਧਾਲੂ ਨਹੀਂ, ਪ੍ਰੇਮੀ ਵੀ ਨਹੀਂ ਹੋ ਸਕਦੇ ਕਿਉਂਕਿ ਉਹ ਮਾਲਕ ਦੂਰੀ ਨਹੀਂ ਜਾਣਦਾ, ਵਖਰੇਵਾਂ ਨਹੀਂ ਜਾਣਦਾ, ਪਿਆਰ ਹੀ ਜਾਣਦਾ ਹੈ ਤੇ ਸੇਵਾ ਨੂੰ ਪਹਿਚਾਣਦਾ ਹੈ ਅਤੇ ਜੇਕਰ ਕੋਈ ਕਥਤ ਨੀਚ ਜ਼ਾਤ ਵਾਲਾ ਭਗਤ ਉਸ ਨੂੰ ਸਚੇ ਦਿਲੋਂ ਧਿਆਉਂਦਾ ਹੈ ਤਾਂ ਉਹ ਉਸ ਰੱਬ ਦੀ ਮਿਹਰ ਸਦਕਾ ਉਤਮ ਪਦਵੀ ਦਾ ਧਾਰਨੀ ਬਣ ਜਾਂਦਾ ਹੈ :**

**ਨੀਚ ਜਾਤਿ ਹਰਿ ਜਪਤਿਆ**
**ਉਤਮ ਪਦਵੀ ਪਾਇ ॥** ਸੂਹੀ (ਮਃ ੪) - ਅੰਗ ੭੩੩

**ਧੰਨਵਾਦਿ ਸਾਹਿਤ ਵਿਚੋਂ:-** ਗੁਰਬਾਣੀ ਸੰਕਲਪ

## ਸਤੰਬਰ ਮਹੀਨੇ ਦੇ ਸਮਾਗਮ:-

**ਨਾਨਕਸ਼ਾਹੀ ਜੰਤਰੀ ਅਨੁਸਾਰ ਅਸੂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ :-**

ਨਾਨਕਸ਼ਾਹੀ ਜੰਤਰੀ ਅਨੁਸਾਰ ਅਸੂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-09-2017 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ੇ'ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗਤੀਵਿਧੀਆਂ

**ਜੀਵਨ ਜੁਗਤਿ ਸਮਾਗਮ ਅੰਮ੍ਰਿਤਸਰ ਸਾਹਿਬ :-** ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ,ਸ੍ਰੀ ਅੰਮ੍ਰਿਤਸਰ ਸੰਸਥਾ ਮੈਨੇਜਰ ਸ੍ਰੀ ਦਰਬਾਰ ਸਾਹਿਬ ,ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਹਰ ਸਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮ ਦੀ ਲੜੀ ਅੰਮ੍ਰਿਤਸਰ ਸਾਹਿਬ ਦੇ ਹਰ ਗੁਰਦੁਆਰੇ ਵਿੱਚ ਕਰਦੇ ਹਨ ਅਤੇ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾ ਵਾਚਕ ਇਸ ਵਿੱਚ ਹਾਜ਼ਰੀ ਲਗਾਉਦੇ ਹਨ ।ਹਰ ਸਾਲ ਦੀ ਤਰਾਂ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੂੰ ਇਸ ਸਮਾਗਮ ਵਿੱਚ ਹਾਜ਼ਰੀ ਭਰਨ ਦਾ ਸਮਾਂ ਪ੍ਰਾਪਤ ਹੋਇਆ ਮਿਤੀ 15-08-2017 (ਮੰਗਲਵਾਰ) ਸ਼ਾਮ ਨੂੰ ਇਸ ਲੜੀ ਅਨੁਸਾਰ ਸਮਾਗਮ ਗੁਰਦੁਆਰਾ ਸਾਹਿਬ ਸ੍ਰੀ ਕਿਲ੍ਹਾ ਲੋਹਗੜ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਸ.ਬਲਵਿੰਦਰ ਸਿੰਘ 'ਸਾਗਰ' ਜੀ ਨੇ ਕੀਰਤਨ ਰਾਹੀ ਸੇਵਾ ਨਿਭਾਈ ਅਤੇ ਵਾਇਸ ਪ੍ਰਿੰਸੀਪਲ ਭਾਈ ਹਰਵੀਰ ਸਿੰਘ ਜੀ ਨੇ ਕਥਾ ਰਾਹੀ ਸੇਵਾ ਨਿਭਾਈ ।

ਸਮਾਗਮ ਤਸਵੀਰਾਂ ਦੀ ਜੁਬਾਨੀ :-







**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨ ਸਮਾਗਮ :-**

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਅਖੰਡ ਕੀਰਤਨ ਸਮਾਗਮ ਮਿਤੀ 16-08-2017 ਦਿਨ ਬੁੱਧਵਾਰ ਸ਼ਾਮ 6.30 ਵਜੇ ਤੋਂ 9.00 ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਗਏ । ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

ਸਮਾਗਮ ਤਸਵੀਰਾਂ ਦੀ ਜੁਬਾਨੀ :-





**ਫ੍ਰੀ ਮੈਡੀਕਲ ਕੈਂਪ :-** ਮਿਤੀ 26-08-2017 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਵਲੋਂ ਡਾ. ਜਨਰਲ ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਦੇ ਉਪਰਾਲੇ ਨਾਲ ਇਕ ਫ੍ਰੀ ਮੈਡੀਕਲ ਸੇਵਾ ਕੈਂਪ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ, ਛੱਜੂ ਮਾਜਰਾ ਜ਼ਿਲਾ ਐਸ.ਏ.ਐਸ. ਨਗਰ ਵਿਖੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ ਪ੍ਰਾਣੀਆਂ ਨੇ ਡਾਕਟਰੀ ਸੇਵਾਵਾਂ ਦਾ ਲਾਭ ਉਠਾਇਆ।

ਇਸ ਕੈਂਪ ਵਿਚ ਅੱਖਾਂ ਦੀ ਬੀਮਾਰੀਆਂ ਦੇ ਚੈਕ ਅੱਪ ਅਤੇ ਮੁਫਤ ਅੱਖਾਂ ਦੇ ਉਪਰੇਸ਼ਨ ਦੀ ਸੇਵਾ J.P. Eye Hospital ਦੇ ਮਾਹਰ ਡਾਕਟਰਾਂ ਦੀ ਟੀਮ ਵਲੋਂ, ਜਨਰਲ ਚੈਕ ਅੱਪ ਦੀ ਸੇਵਾ ਡਾ. ਦਵਿੰਦਰ ਗਰਗ ਅਤੇ ਦੰਦਾ ਦਾ ਚੈਕ ਅੱਪ ਡਾ.ਅਮਨਪ੍ਰੀਤ ਕੌਰ (B.D.S.) ਅਤੇ ਦਿਲ ਦੀਆਂ ਬੀਮਾਰੀਆਂ ਦਾ ਚੈਕ ਅੱਪ ਡਾ. ਦਲਬੀਰ ਸਿੰਘ M.D. FICA (USA) ਦੁਆਰਾ ਨਿਭਾਈ ਗਈ। ਰਿਆਇਤੀ ਕੀਮਤਾਂ ਤੇ ਐਨਕਾਂ ਬਣਾਉਣ ਦੀ ਸੇਵਾ J.P. Eye Hospital ਮੋਹਾਲੀ ਵਾਲਿਆਂ ਨੇ ਕੀਤੀ। ਕੈਂਪ ਵਿਚ ਕੁੱਲ 11 ਮਰੀਜਾਂ ਦੇ ਮੌਕੇ ਤੇ ਓਪਰੇਸ਼ਨ J.P. Hospital Mohali ਵਿਖੇ ਕੀਤੇ ਗਏ। 5 ਮਰੀਜਾਂ ਨੇ ਬਾਅਦ ਵਿੱਚ ਆਉਣ ਦੀ ਹਾਮੀ ਭਰੀ।ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾ ਨੇ ਭਰਵਾ ਲਾਭ ਉਠਾਇਆ।





ਜੇ.ਪੀ.ਆਈ ਹਸਪਤਾਲ ਦੀ ਮਾਹਿਰ ਡਾਕਟਰਾਂ ਦੀ ਟੀਮ ਮਰੀਜਾਂ ਦਾ ਚੈਕ ਅੱਪ ਕਰਦੇ ਹੋਏ



ਡਾ. ਦਲਵੀਰ ਸਿੰਘ MD FICA (USA)
ਦਿਲ ਦੀ ਬੀਮਾਰੀ ਦਾ ਚੈਕਅਪ ਕਰਦੇ ਹੋਏ।



ਡਾ. ਦਵਿੰਦਰ ਗਰਗ
ਜਨਰਲ ਚੈਕਅੱਪ ਕਰਦੇ ਹੋਏ



ਡਾ. ਅਮਨਪ੍ਰੀਤ ਕੌਰ BDS
ਦੰਦਾਂ ਦਾ ਚੈੱਕ ਅੱਪ ਕਰਦੇ ਹੋਏ





ਕੈਂਪ ਦੀਆਂ ਕੁਝ ਝਲਕੀਆਂ

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਗਸਤ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 66 | 129 | 195 |
| 2 | Eye | 08 | 24 | 32 |
| 3 | Cardiology | 02 | 34 | 36 |
| 4 | Dental | 27 | 78 | 105 |
| 5 | Gynaecology | 06 | 31 | 37 |
| 6 | Homoeopathy | 27 | 321 | 348 |
| 7 | Physiotherapy | 07 | 19 | 26 |
| | Total | 143 | 636 | 779 |
| | Laboratory | 56 | - | 56 |

## ਧੰਨਵਾਦ :

### ਅਗਸਤ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Col. H.S Uppal #306/Sec. 33A/Chd — 40,000/-
2. All Indian Sikh Federation(Regd.) D-9(G.F.) Green Park Main New Delhi — 11,000/-
3. S. Harsharnpal Singh Bhatia #461/Sec. 44A/Chd — 1,000/-
4. Bibi Gurdeep Kaur #461/Sec. 44A/Chd — 1,000/-
5. Bibi Harpreet Kaur #461/Sec 44A/Chd — 1,000/-
6. Bibi. Harleen Kaur Sarna #107G, Shivalik Vihar Naya Goan — 500/-
7. Bibi Rajleen Kaur #836/Phase- II/Mohali — 500/-
8. Dr. J.S. Negi Phase- VII/Mohali — 100/-
9. S. Parminder Singh #1170/ Sunny Enclave/Kharar — 10,000/-
10. Capt. A.S. Khuman Cuffe Parade/Mumbai — 50,000/-
11. S. Gurdip Singh #119/Ph- 65,000/-
12. S. Tarlochan Singh #357/Phase- 6/Mohali — 1,200/-
13. S. Surjit Singh Pind-Desu Majra/Mohali — 1,000/-
14. S. Sarbjit Singh #49A/Comfort Home Kharar — 2,600/-
15. S. Gurpal Singh/Mundi Kharar — 200/-
16. S. Gurtas Singh/Mundi Kharar — 1,100/-
17. S. Mandeep Singh/Mundi Kharar — 100/-
18. S. Amarjit Singh/Mundi Kharar — 100/-
19. S. Gurmukh Singh/Mundi Kharar — 100/-
20. S. Harjinder Singh/Mundi Kharar — 100/-
21. S. Dilbagh Singh/ Satkar Properties Mundi Kharar — 500/-
22. S. Birinder Singh # 6A/Sunny Enclave/Kharar — 500/-
23. S. Sahib Singh #1040/Ph-7/Mohali — 5,000/-
24. S. Taranjit Singh #2057/Ph- 7/Mohali — 5,000/-
25. S. Daljit Singh #2057/Ph- 7/Mohali — 5,000/-
26. Bibi Manjit Kaur #1040/Ph- 7/Mohali — 5,000/-
27. Dr. Saranjit Singh #2817/Ph- 7/Mohali — 2,000/-
28. S. Inderjit Singh #3225/Sec-70/Mohali — 100/-
29. S. Mohinder Singh #1734/Ph- 7/Mohali — 500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।